## ਰੇਡੀਓ ਲੜੀਵਾਰ- ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ

## ਕੜੀ-31, 'ਵੰਨ-ਸੁਵੰਨਤਾ 'ਚ ਸੁੰਦਰਤਾ: ਜੈਵਿਕ ਵੰਨ ਸੁਵੰਨਤਾ ਦਾ ਸੁਰੱਖਿਅਣ'

**(Beauty in Variety: Conserving Biodiversity)**

ਹਿੰਦੀ: ਨੇਹਾ ਤ੍ਰਿਪਾਠੀ

ਲੜੀਵਾਰ ਸੰਯੋਜਕ : ਡਾ. ਬੀ. ਕੇ. ਤਿਆਗੀ

ਪੰਜਾਬੀ ਰੁਪਾਂਤਰਣ: ਭਾਰਤ ਗਿਆਨ ਵਿਗਿਆਨ ਸੰਮਤੀ, ਪੰਜਾਬ ਤੇ ਚੰਡੀਗੜ੍ਹ

(This episode explains what Biodiversity means and explores its importance. It includes reasons behind fall in biodiversity and what it means for us. It also includes some of the measures taken to conserve biodiversity.)

(ਇਸ ਕੜੀ ਵਿਚ ਜੈਵ-ਵੰਨ -ਸੁਵੰਨਤਾ ਦੇ ਭਾਵ ਨੂੰ ਅਤੇ ਉਸ ਦੇ ਮਹੱਤਵ ਨੂੰ ਸਮਝਾਇਆ ਗਿਆ ਏ। ਖ਼ਾਸ ਤੌਰ 'ਤੇ ਜੈਵ- ਵੰਨ -ਸੁਵੰਨਤਾ ਦੇ ਲਗਾਤਾਰ ਹੋ ਰਹੇ ਸੋਸ਼ਣ ਦੇ ਕਾਰਨ ਅਤੇ ਉਸ ਨਾਲ ਆਮ ਲੋਕਾਂ 'ਤੇ ਪੈਣ ਵਾਲੇ ਪ੍ਰਭਾਵ ਦੀ ਗੱਲ ਕੀਤੀ ਹੈ । ਇਸਦੇ ਨਾਲ ਹੀ ਜੈਵ- ਵੰਨ -ਸੁਵੰਨਤਾ ਦੇ ਸੁਰੱਖਿਅਣ ਦੇ ਉਪਾਵਾਂ 'ਤੇ ਵੀ ਵਿਸਤਾਰ ਪੂਰਵਕ ਚਰਚਾ ਕੀਤੀ ਗਈ ਹੈ ।)

ਪਾਤਰ

ਇਸਤਰੀ ਸੂਤਰਧਾਰ

ਪੁਰਸ਼ ਸੂਤਰਧਾਰ

ਸੁਰਜੀਤ ਕੌਰ: ਅੱਠਵੀਂ ਦੀ ਵਿਦਿਆਰਥਣ

ਰਵੀ: ਛੇਵੀਂ ਦਾ ਵਿਦਿਆਰਥੀ , ਸੁਰਜੀਤ ਦਾ ਭਰਾ

ਪਾਪਾ: ਰਵੀ ਤੇ ਸੁਰਜੀਤ ਦੇ ਪਾਪਾ

ਮਾਂ: ਰਵੀ ਤੇ ਸੁਰਜੀਤ ਦੀ ਮਾਂ

ਮੁੱਖ ਅਧਿਆਪਕ:

ਅਧਿਆਪਕ:

ਡਾ. ਗੁਰਿੰਦਰ: ਯੁਵਕ ਵਿਗਿਆਨੀ

<u>ਸ਼ੁਰੂਆਤੀ ਐਲਾਨ</u>

(ਸਿਰਲੇਖ ਗੀਤ ਦਾ ਸੰਗੀਤ-ਟ੍ਰੈਕ ਸੁਣ ਰਿਹਾ ਹੈ )

ਟਿਕਾਊ ਵਿਕਾਸ - ਚਲਦੀ ਰਹੇ ਇਹ ਜ਼ਿੰਦਗੀ......

(ਸੰਗੀਤ...)

**ਐਲਾਨ:** ਇਹ ਆਲ ਇੰਡੀਆ ਰੇਡਿਓ ਹੈ। ਵਿਗਿਆਨ ਲੜੀਵਾਰ "ਟਿਕਾਊ ਵਿਕਾਸ - ਚਲਦੀ ਰਹੇ ਇਹ ਜਿੰਦਗੀ" ਦੀਆਂ ਸੁਣ ਚੁੱਕੇ ਹੋ ਤੁਸੀਂ, ਤੀਹ ਕੜੀਆਂ ! ਇਨ੍ਹਾਂ ਰਾਹੀਂ ਹੋਈ ਹੈ ਚਰਚਾ, ਸਾਡੇ ਵਿਕਾਸ ਦੇ ਵਰਤਮਾਨ ਮਾਡਲ ਨਾਲ ਉਭਰੇ ਖਪਤਵਾਦ ਦੇ ਉਪਰ ਤੇ ਨਿੱਕਲ ਰਹੇ ਸਿੱਟਿਆਂ ਉੱਪਰ! ਹੋਈਆਂ ਨੇ ਵਿਚਾਰਾਂ ਉਨ੍ਹਾਂ ਖਤਰਿਆਂ ਬਾਬਤ, ਦਰਪੇਸ਼ ਨੇ ਜੋ ਮਨੁਖਤਾ ਨੂੰ ਅਤੇ ਸਾਡੇ ਇਸ ਧਰਤ ਗ੍ਰਹਿ ਨੂੰ ! ਅੱਜ ਦੀ ਕੜੀ ਵਿੱਚ ਹੈ ਪੇਸ਼ਕਾਰੀ "ਟਿਕਾਊ ਵਿਕਾਸ" ਦੇ ਇੱਕ ਹੋਰ ਪਹਿਲੂ 'ਤੇ ! ਕਹਾਣੀ ਹੈ ਅੱਜ ਵੰਨ ਸੁਵੰਨਤਾ ਦੇ ਸੁਹਜ ਦੀ ਜੈਵ ਵੰਨ - ਸੁਵੰਨਤਾ ਦੀ ਰਾਖੀ ਦੀ ! ਸੁਰੱਖਿਅਣ ਦੀ !

ਸੰਗੀਤ (ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੁੜ ਸੁਣਾਇਆ ਜਾਵੇਗਾ)

**ਔਰਤ ਸੂਤਰਧਾਰ:** ਵਿਗਿਆਨ ਲੜੀਵਾਰ "ਚਲਦੀ ਰਹੇ ਇਹ ਜਿੰਦਗੀ" ਦੀ ਅੱਜ ਦੀ ਇਸ 31ਵੀਂ ਕੜੀ ਵਿੱਚ ਸੁਆਗਤ ਹੈ ਸਾਰੇ ਸ੍ਰੋਤਿਆਂ ਦਾ ! ਸਾਰੇ ਵਿਦਿਆਰਥੀਆਂ ਤੇ ਅਧਿਆਪਕਾਂ ਨੂੰ ਹੋਰ ਸ੍ਰੋਤਿਆਂ ਨੂੰ , ਸਾਰਿਆਂ ਨੂੰ ਸ਼ੁੱਭ ਸਵੇਰ !

**ਮਰਦ ਸੂਤਰਧਾਰ:**ਪਿਛਲੀ ਕੜੀ ਵਿੱਚ ਸੁਣਾਇਆ ਸੀ ਬ੍ਰਿਤਾਂਤ ਸਾਡੇ ਪਹਾੜਾਂ ਦੇ ਵਾਤਾਵਾਰਣੀ ਪਰਸਿਥਿਤਿਕ ਤੰਤਰ ਦੇ ਸੁਰੱਖਿਅਣ ਦਾ !

**ਔਰਤ ਸੂਤਰਧਾਰ:** ਸੁਣਾਇਆ ਸੀ ਹਾਲ ਕਿ ਕਿਵੇਂ ਹੈ ਜਰੂਰਤ ਪਹਾੜੀ ਸੈਰ ਸਪਾਟੇ ਨੂੰ ਪਹਾੜਾਂ ਦੇ ਇਸ ਪ੍ਰਸਿਥਿਤਿਕ ਤੰਤਰ ਨਾਲ ਇਕਸੁਰਤਾ ਵਾਲ ਬਣਾਉਣ ਦੀ ?

**ਮਰਦ ਸੂਤਰਧਾਰ:** ਸੁਣੀ ਸੀ ਤੁਸੀਂ ਕਹਾਣੀ ਉਨ੍ਹਾਂ ਚੁਣੌਤੀਆਂ ਦੀ ਜੋ ਦਰਪੇਸ਼ ਨੇ ਸਾਡੇ ਪਰਬਤੀ ਪ੍ਰਸਥਿਤਿਕ ਤੰਤਰ ਨੂੰ !

**ਔਰਤ ਸੂਤਰਧਾਰ:** ਹੋਇਆ ਸੀ ਵਾਰਤਾਲਾਪ ਉਥੋਂ ਦੇ ਲੋਕਾਂ ਦੀ ਸਰਗਰਮ ਸ਼ਮੂਲੀਅਤ ਨਾਲ ਪਰਬਤੀ ਵਾਤਾਵਰਨੀ ਪ੍ਰਣਾਲੀ ਦੀਆਂ ਚੁਨੌਤੀਆਂ ਦਾ ਮੁਕਬਲਾ ਕਰਨ ਦੀ !

**ਮਰਦ ਸੂਤਰਧਾਰ:** ਹੋਈ ਸੀ ਚਰਚਾ ਉਨ੍ਹਾਂ ਕਦਮਾਂ ਦੀ ਜੋ ਚੁੱਕੇ ਜਾ ਸਕਦੇ ਨੇ ਇਸ ਮਾਮਲੇ ਦੇ ਉਪਚਾਰ ਵਜੋਂ !

**ਔਰਤ ਸੂਤਰਧਾਰ:** ਸੁਣਿਆ ਸੀ ਉਨ੍ਹਾਂ ਵਿਧੀਆਂ ਬਾਬਤ ਵੀ ਵਰਤੀਆਂ ਜਾ ਸਕਦੀਆਂ ਨੇ ਜੋ ਬਚਾਉਣ ਦੇ ਲਈ ਇਸ ਪ੍ਰਸਿਥਿਤਿਕ ਤੰਤਰ ਨੂੰ !

**ਮਰਦ ਸੂਤਰਧਾਰ:**ਸੁਣਿਆ ਸੀ ਕਿ ਕਿਵੇਂ ਹੋ ਰਹੀ ਹੈ ਬਰਬਾਦੀ ਸਾਡੇ ਇਸ ਤੰਤਰ ਦੀ ਆਧੁਨਿਕ ਵਿਕਾਸ ਦੇ ਨਾਮ 'ਤੇ!

**ਔਰਤ ਸੂਤਰਧਾਰ:** ਹੋਈ ਸੀ ਗੱਲ ਕਿ ਕਿਵੇਂ ਅਸੀ ਪਹਾੜੀ ਸੈਰ ਸਪਾਟੇ ਨੂੰ ਜੋੜ ਸਕਦੇ ਹਾਂ ਉਥੋਂ ਦੇ ਲੋਕਾਂ ਦੇ ਅਰਥਚਾਰੇ ਨਾਲ ਅਤੇ ਰਾਖੀ ਕਰ ਸਕਦੇ ਹਾਂ ਇਸ ਪਹਾੜੀ ਵਾਤਾਵਰਣੀ ਪ੍ਰਣਾਲੀ ਦੀ ਵੀ ।

**ਮਰਦ ਸੂਤਰਧਾਰ:** ਦੱਸਿਆ ਸੀ ਕਿ ਆਧੁਨਿਕ ਵਿਕਾਸ ਦੇ ਨਾਮ ਤੇ ਪਹਾੜੀ ਖੇਤਰ ਦੇ ਤੰਤਰ ਦੀ ਬਰਬਾਦੀ ਰੋਕੀ ਜਾ ਸਕਦੀ ਹੈ ਲੋਕਾਂ ਦੇ ਏਕੇ ਤੇ ਦ੍ਰਿੜ ਸੰਕਲਪ ਨਾਲ !

**ਔਰਤ ਸੂਤਰਧਾਰ:** ਅੱਜ ਸੁਣਾਵਾਂਗੇ ਕਹਾਣੀ ਵੰਨ-ਸੁਵੰਨਤਾ ਦੇ ਸੁਹਜ ਦੀ, ਜੈਵਿਕ ਵੰਨ -ਸੁਵੰਨਤਾ ਦੇ ਸੁਰੱਖਿਅਣ ਦੀ!

**ਮਰਦ ਸੂਤਰਧਾਰ:** ਕਹਾਣੀ, ਉਸ ਸ਼ੋਸ਼ਣ ਦੀ ਹੋ ਰਿਹਾ ਹੈ ਜੋ ਸਾਡੀ ਜੈਵਿਕ ਭਿੰਨਤਾ ਦਾ !

**ਔਰਤ ਸੂਤਰਧਾਰ:** ਉਸ ਪ੍ਰਭਾਵ ਦੀ ਜੋ ਪੈ ਰਿਹਾ ਹੈ ਸਾਡੇ ਨਿਤ ਦੇ ਜੀਵਣ 'ਤੇ ਇਸ ਸ਼ੋਸ਼ਣ ਦਾ !

**ਐਲਾਨ:** ਆਲ ਇੰਡੀਆ ਰੇਡਿਓ ਵੱਲੋਂ ਵਿਗਿਆਨ-ਪ੍ਰਸਾਰ ਦੇ ਸਹਿਯੋਗ ਨਾਲ ਪੇਸ਼ ਹੈ, ਵਿਗਿਆਨ ਲੜੀਵਾਰ ਟਿਕਾਊ ਵਿਕਾਸ -"**ਚਲਦੀ ਰਹੇ ਇਹ ਜਿੰਦਗੀ**" ਦੀ 31ਵੀਂ ਕੜੀ ," **ਵੰਨ-ਸੁਵੰਨਤਾ 'ਚ ਸੁੰਦਰਤਾ: ਜੈਵਿਕ ਵੰਨ ਸੁਵੰਨਤਾ ਦਾ ਸੁਰੱਖਿਅਣ**"! ਲਓ ਸੁਣੋ ਹੁਣ ਕਰਕੇ ਬਿਰਤੀਆਂ ਇਕਾਗਰ ! ਇਉਂ ਪੇਸ਼ ਕਰਦੇ ਨੇ ਸਾਡੇ ਕਲਾਕਾਰ ਸਾਡੀ ਅੱਜ ਦੀ ਇਸ ਕਹਾਣੀ ਨੂੰ !

(ਸਿਰਲੇਖ ਗੀਤ ਦਾ ਸੰਗੀਤ ਟ੍ਰੈਕ ਮੱਧਮ ਪੈਂਦਾ ਹੈ)

…………**ਕੜੀ ਦਾ ਸੰਗੀਤ**…………

**ਸਿਰਲੇਖ ਧੁਨੀ ……………………………ਮੱਧਮ ਪੈਂਦੀ ਹੈ**

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ -ਪਹਿਲਾ**

**(ਪੂਰਾ ਪਰਿਵਾਰ ਚਿੜੀਆਘਰ ਜਾ ਰਿਹਾ ਹੈ। ਟ੍ਰੈਫਿਕ, ਗੱਡੀਆਂ ਦਾ ਸ਼ੋਰ ਅਤੇ ਹਾਰਨ ਦੀ ਅਵਾਜ਼)**

**ਸੁਰਜੀਤ:** (**ਛੇੜਣ ਵਾਲੇ ਸੁਰ ਵਿਚ**) ਰਵੀ, ਤੂੰ ਤਾਂ ਬਹੁਤ ਜ਼ਿਆਦਾ ਚਹਿਕ ਰਿਹੈਂ...ਖੁਸ਼ੀ ਵਿਚ ਨੱਚ ਰਿਹੈਂ…ਕੱਲ੍ਹ ਸਾਰੀ ਰਾਤ ਸੁੱਤਾ ਵੀ ਨਹੀਂ…ਪਰ ਹੁਣ ਚਿੜੀਆਘਰ ਪਹੁੰਚ ਕੇ ਧਿਆਨ ਰੱਖੀਂ…ਖ਼ਾਸ ਕਰਕੇ ਬਾਂਦਰਾਂ ਤੋਂ ਬਚ ਕੇ…ਕਿਤੇ ਅਜਿਹਾ ਨਾ ਹੋਵੇ ਕਿ ਉਨ੍ਹਾਂ ਨੂੰ ਤੂੰ ਪਸੰਦ ਆ ਜਾਏਂ ਤੇ ਉਹ ਤੈਨੂੰ ਉੱਥੇ ਹੀ ਰੱਖ ਲੈਣ…!

**ਰਵੀ:** (ਥੋੜ੍ਹਾ ਗੁੱਸੇ ਵਿਚ) ਤੇ ਤੁਹਾਡਾ ਕੀ ਹੋਵੇਗਾ? ਤੁਸੀਂ ਆਪਣਾ ਕੈਮਰਾ ਚਾਰਜ ਕੀਤਾ…, ਮੈਮਰੀ ਕਾਰਡ ਖਾਲੀ ਕੀਤਾ…, ਫੋਟੋਆਂ ਖਿੱਚਣ ਦੇ ਵਾਸਤੇ… ਤੁਸੀਂ ਵੀ ਤਾਂ ਚਿੜੀਆਘਰ ਆਉਣ ਲਈ ਉਤਸੁਕ ਸੀ… ਬੋਲ… ! ਹੁਣ ਬੋਲ…! ਹਮੇਸ਼ਾ ਮੈਨੂੰ ਤੰਗ ਕਰਦੀ ਏਂ… ਜੇਕਰ ਮੈਂ ਬਾਂਦਰ ਹਾਂ ਤਾਂ ਤੂੰ ਬਾਂਦਰ ਦੀ ਭੈਣ…!

**ਮਾਂ:** ਬੱਚਿਓ, ਜੇਕਰ ਤੁਸੀਂ ਹੁਣ ਲੜਾਈ ਕੀਤੀ ਤਾਂ ਪਾਪਾ ਨੂੰ ਗੱਡੀ ਚਲਾਉਣੀ ਮੁਸ਼ਕਲ ਹੋ ਜਾਵੇਗੀ… ਇਕ ਕੰਮ ਕਰੋ.. ਤੁਸੀਂ ਦੋਵੇਂ ਇਕ ਖੇਡ ਖੇਡੋ… ਅਜਿਹੇ ਜਾਨਵਰਾਂ ਦੇ ਨਾਮ ਗਿਣਾਉ ਜਿਨ੍ਹਾਂ ਦੇ ਨਾਂ 'ਏ' ਤੋਂ ਸ਼ੁਰੂ ਹੁੰਦੇ ਹਨ ਤੇ 'ਜ਼ੈਡ' ਤੱਕ ਜਾਂਦੇ ਹਨ…!

**ਰਵੀ:** ਮੈਨੂੰ ਇਕ ਜਾਨਵਰ ਪਤਾ ਜਿਸ ਦਾ ਨਾਂ 'ਜ਼ੈਡ' ਤੋਂ ਸ਼ੁਰੂ ਹੁੰਦਾ…ਤੇ 'ਏ' ਤੱਕ ਜਾਂਦਾ…ਹੈ ! ਜ਼ੈਬਰਾ, Zebra

**ਸੁਰਜੀਤ:** ਲਉ… ਜੀ ਵਰਣਮਾਲਾ (Alphabet ) ਦੇ ਆਖਿਰੀ ਅੱਖਰ ਤੋਂ ਖੇਡ ਸ਼ੁਰੂ ਕਰ ਰਿਹਾ… ਹੈ…

**ਰਵੀ:** ਮਾਂ

**ਪਾਪਾ:** (ਲੜਾਈ ਸ਼ੁਰੂ ਹੋਵੇ, ਉਸ ਤੋਂ ਪਹਿਲਾਂ ਹੀ ਬੋਲ ਪਏ) ਠੀਕ ਆ… ਠੀਕ ਆ… ਲਉ ਅਸੀਂ ਪਹੁੰਚ ਗਏ… ਗੱਡੀ ਪਾਰਕ ਕਰਕੇ ਹੀ ਟਿਕਟ ਲੈਣ ਚੱਲਾਂਗੇ…!

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

**ਦ੍ਰਿਸ਼ – ਦੂਜਾ**

(ਸ਼ੇਰ ਦੇ ਦਹਾੜਣ ਦੀ ਅਵਾਜ਼, ਬਾਂਦਰਾਂ ਦੀਆਂ ਅਵਾਜ਼ਾਂ, ਹਾਥੀ ਦੀ ਅਵਾਜ਼, ਲੋਕਾਂ ਦੀ ਅਤੇ ਖਾਣ-ਪੀਣ ਦੀਆਂ ਚੀਜ਼ਾਂ ਵੇਚਣ ਵਾਲਿਆਂ ਦੀਆਂ ਅਵਾਜ਼ਾਂ)

**ਪਾਪਾ:** ਚਾਰ ਟਿਕਟਾਂ ਦਿਉ…ਧੰਨਵਾਦ!…ਸੁਰਜੀਤ ! ਰਵੀ ! ਇਧਰ ਆਉ… ਇਸ ਗੇਟ ਨੂੰ ਸੰਭਲ ਕੇ ਟੱਪੋ… ਲਉ ਅਸੀਂ ਅੰਦਰ ਆ ਗਏ… ਹੁਣ ਦੱਸੋ ਪਹਿਲਾਂ ਕਿਸ ਪਾਸੇ ਜਾਈਏ…?

**ਰਵੀ, ਸੁਰਜੀਤ (ਇਕੱਠੇ):** ਚੀਤਾ ! ਸ਼ੇਰ…!

**ਮਾਂ:** ਅਸੀਂ ਚੀਤਾ ਵੀ ਦੇਖਾਂਗੇ ਤੇ ਸ਼ੇਰ ਵੀ…! ਪਰ ਸਭ ਤੋਂ ਪਹਿਲਾਂ ਇਧਰ ਆਉ ਜਿਰਾਫ ਦੇਖਦੇ ਹਾਂ…!

**ਸੁਰਜੀਤ:** ਵਾਹ! ਬਹੁਤ ਮਜ਼ਾ ਆਵੇਗਾ…! ਇੱਥੇ ਤਾਂ ਬੇਬੀ ਜਿਰਾਫ ਵੀ ਏ…! ਦੇਖੋ ਇਹ ਕਿੰਨ੍ਹਾ ਪਿਆਰਾ…! ਪਰ ਬੱਚੇ ਤਾਂ ਕਿੰਨੇ ਛੋਟੇ ਹੁੰਦੇ ਹਨ…! ਇਹ ਤਾਂ ਕਿੰਨਾਂ ਵੱਡਾ…!

**ਰਵੀ:** ਵੱਡਾ ਤਾਂ ਏ ਪਰ ਜਿਰਾਫ ਤਾਂ ਹੁੰਦੇ ਹੀ ਵੱਡੇ ਹਨ…! ਪੂਰਾ ਵੱਡਾ ਹੋਣ ਲਈ ਤਾਂ ਅਜੇ ਇਸ ਨੇ ਲੰਮਾ ਸਫ਼ਰ ਤੈਅ ਕਰਨਾ ਏ…!

(ਸਾਰੇ ਹੱਸਦੇ ਹਨ)

**ਪਾਪਾ:** ਜਾਨਵਰਾਂ ਦਾ ਇਸ ਪ੍ਰਕਾਰ ਵਧਣਾ-ਫੁਲਣਾ ਅਤੇ ਆਪਣੀ ਨਸਲ ਵਧਾਉਣਾ ਚੰਗੀ ਗੱਲ ਆ…! ਇਸ ਤਰ੍ਹਾਂ ਉਨ੍ਹਾਂ ਦੀ ਪ੍ਰਜਾਤੀ ਅਲੋਪ ਵੀ ਨਹੀਂ ਹੋਵੇਗੀ…!

**ਰਵੀ:** ਅਲੋਪ ਨਹੀਂ ਹੋਵੇਗੀ ? ਮਤਲਬ ?

**ਸੁਰਜੀਤ:** ਪਾਪਾ ਦਾ ਮਤਲਬ ਏ ਕਿ ਪ੍ਰਜਨਣ ਕਰਕੇ ਪ੍ਰਜਾਤੀਆਂ ਅਲੋਪ ਹੋਣੋ ਬੱਚ ਜਾਣਗੀਆਂ…!

**ਰਵੀ:** ਅਲੋਪ ਹੋਣੋ ਬੱਚ ਜਾਣਗੀਆਂ…? ਇਸ ਦਾ ਮਤਲਬ ਚੰਗੀ ਤਰ੍ਹਾਂ ਦੱਸੋ…!

**ਮਾਂ:** (ਪਾਪਾ ਨੂੰ) ਛੇਤੀ ਸਮਝਾਉ.. ਇਸ ਨੂੰ ! ਨਹੀਂ ਤਾਂ ਇਸਨੇ ਸਾਨੂੰ ਇਹ ਚਿੜੀਆਘਰ ਵੇਖਣ ਹੀ ਨਹੀਂ ਦੇਣਾ ! …(ਹੱਸਦੇ ਹੋਏ)

**ਪਾਪਾ:** ਠੀਕ ਆ ਨਾ.. ਬੱਚੇ ਸਵਾਲ ਨਹੀਂ ਕਰਨਗੇ ਤਾਂ ਸਿੱਖਣਗੇ ਕਿਵੇਂ ?

**ਪਾਪਾ:** (ਰਵੀ ਨੂੰ) ਰਵੀ…! ਕਈ ਪ੍ਰਕਾਰ ਦੇ ਜਾਨਵਰ ਜੋ ਦੁਨੀਆਂ ਦੇ ਅਲੱਗ-ਅਲੱਗ ਹਿੱਸਿਆਂ ਵਿਚ ਪਾਏ ਜਾਂਦੇ ਹਨ…ਪ੍ਰਜਨਣ ਦੀ ਘਾਟ ਕਰਕੇ ਜਾ ਜਾ ਬੇ ਵਹਾ ਸ਼ਿਕਾਰ ਹੋਣ ਨਾਲ … ਇਕ-ਇਕ ਕਰਕੇ ਮਰ ਜਾਂਦੇ ਹਨ ਤੇ ਦੁਨੀਆਂ ਵਿਚੋਂ ਸਦਾ ਲਈ ਖਤਮ ਹੋ ਜਾਂਦੇ ਹਨ ਤਾਂ ਇਸਨੂੰ ਕਹਿੰਦੇ ਨੇ ਕਿ ਉਹ ਅਲੋਪ ਹੋ ਗਏ ਹਨ.. ਅਜਿਹਾ ਪੌਦਿਆਂ ਨਾਲ ਵੀ ਹੁੰਦੈ…!

**ਰਵੀ:** ਤਾਂ ਕੀ ਅਲੋਪ ਹੋਈ ਪ੍ਰਜਾਤੀ ਦਾ ਇਕ ਵੀ ਜੀਵ ਨਹੀਂ ਬੱਚਦਾ ?

**ਮਾਂ:** ਨਹੀਂ, ਇਕ ਵੀ ਨਹੀਂ… ਜਿਵੇਂ ਹੁਣ ਇੱਕ ਵੀ ਭਾਰਤੀ ਚੀਤਾ ਨਹੀਂ… ਵੀਹਵੀ ਸਦੀ ਦੇ ਅੱਧ ਵਿੱਚ ਇਹ ਅਲੋਪ ਹੋ ਗਿਆ !

**ਪਾਪਾ:** ਗੁਲਾਬੀ ਗਰਦਨ ਵਾਲੀ ਬੱਤਖ…! ਮਿਲਦੀ ਸੀ ਭਾਰਤ ਤੇ ਬੰਗਲਾਦੇਸ਼ ਵਿਚ ! ਪਰ 1950 ਤੋਂ ਬਾਅਦ ਹੁਣ ਤੱਕ ਦੇਖੀ ਨਹੀਂ ਗਈ… ਅਤੇ ਹੁਣ ਇਹ ਮੰਨ ਲਿਆ ਗਿਆ ਏ ਕਿ ਇਹ ਪ੍ਰਜਾਤੀ ਵੀ ਅਲੋਪ ਹੋ ਚੁੱਕੀ ਏ…!

**ਸੁਰਜੀਤ**: ਕੁੱਲ ਕਿੰਨੀਆਂ ਕੁ ਪ੍ਰਜਾਤੀਆਂ ਅਲੋਪ ਹੋ ਗਈਆਂ ਹਨ? ਮੇਰਾ ਮਤਲਬ ਡਾਇਨਾਸੋਰ ਦੀ ਤਰ੍ਹਾਂ...ਬਾਕੀ ਪ੍ਰਜਾਤੀਆਂ ਨਾਲ ਏ...!

**ਮਾਂ**: ਇਹ ਕਹਿਣਾ ਮੁਸਕਿਲ ਏ...! ਮਾਹਿਰਾਂ ਦਾ ਮੰਨਣਾ ਏ ਕਿ ਹਰ ਸਾਲ ਕੁੱਲ ਪ੍ਰਜਾਤੀਆਂ ਵਿਚੋਂ 0.01% ਤੋਂ 0.1% ਪ੍ਰਜਾਤੀਆਂ ਅਲੋਪ ਹੁੰਦੀਆਂ ਜਾਣਗੀਆਂ...!

**ਪਾਪਾ**: ਸੁਣਨ ਵਿਚ ਤਾਂ ਇਹ ਬਹੁਤ ਥੋੜ੍ਹਾ ਲੱਗਦੈ, ਪਰ ਦੁਨੀਆਂ ਦੀਆਂ ਵੀਹ ਲੱਖ ਤੋਂ ਇਕ ਕਰੋੜ ਤੱਕ ਪ੍ਰਜਾਤੀਆਂ ਵਿੱਚ ਇਹ ਬਹੁਤ ਵੱਡਾ ਅੰਕੜਾ ਬਣ ਜਾਂਦਾ ਹੈ ।

**ਮਾਂ**: ਇਸ ਤੋਂ ਅੰਦਾਜ਼ਾ ਤਾਂ ਲਗਾਓ ਜਰਾ ਕਿ ਹਰ ਸਾਲ ਕਿੰਨੀਆਂ ਪ੍ਰਜਾਤੀਆਂ ਅਲੋਪ ਹੋ ਜਾਂਦੀਆਂ ਨੇ ?

**ਪਾਪਾ**: ਪ੍ਰਜਾਤੀਆਂ ਵਿਚ ਕੇਵਲ ਨਜ਼ਰ ਆਉਣ ਵਾਲੇ ਜੀਵ -ਜੰਤੂ ,ਪੇੜ-ਪੌਦੇ, ਘਾਹ-ਫੂਸ ਹੀ ਨਹੀਂ ਹੁੰਦੇ ਬਲਕਿ ਸੂਖਮ ਜੀਵ, ਜਲੀ-ਜੀਵ ਵੀ ਸ਼ਾਮਿਲ ਹਨ...!

**ਮਾਂ**: ਸਮਝ ਗਏ..ਹੋਰ ਸੁਣੋ...ਕੁਦਰਤ ਦੇ ਸੁਰੱਖਿਅਣ ਦੀ ਅੰਤਰ ਰਾਸਟਰੀ ਯੂਨੀਅਨ ( International Union For Conservation Of Nature, IUCN) ਦੇ ਮੁਤਾਬਿਕ ਇਕ ਤਿਹਾਈ ਪ੍ਰਜਾਤੀਆਂ ਅਲੋਪ ਹੋਣ ਦੇ ਕਿਨਾਰੇ ਤੇ ਹਨ !

**ਸੁਰਜੀਤ**: ਧਣਧਾਰੀਆਂ ਵਿਚੋਂ ਵੀ ਤਾਂ 25 % ਅਗਲੇ 20 ਸਾਲਾਂ ਵਿਚ ਅਲੋਪ ਹੋ ਜਾਣ ਦੇ ਅੰਦਾਜ਼ੇ ਨੇ...!

**ਰਵੀ**: ਪਰ ਕੁਝ ਪ੍ਰਜਾਤੀਆਂ ਅਲੋਪ ਹੋ ਜਾਣ ਨਾਲ ਕੀ ਫ਼ਕਰ ਪੈਂਦਾ ਹੈ ? ਐਵੇਂ ਐਨੇ ਡਰ ਦੀ ਕੀ ਲੋੜ ਐ ? ਚੱਲੋ ਅੱਗੇ ਚੱਲੀਏ ! ਹਾਏ ਮੇਰਾ ਤਾਂ ਸਵੈਟਰ ਹੀ ਪਤਾ ਨਹੀਂ ਕਿੱਥੇ ਫਸ ਗਿਆ ?

**ਮਾਂ**: ਰਵੀ ! ਆਹ ਕਿੱਲ ਵਿੱਚ ਫਸਿਆ ਏ ! ਖਿੱਚ ਨਾ ...ਰੁਕ, ਮੈਂ ਕੱਢਦੀ ਆ...!

**ਸੁਰਜੀਤ**: ਰਵੀ ! ਸਵੈਟਰ ਦੀ ਉੱਨ ਤਾਂ ਉਧੜਦੀ ਹੀ ਜਾ ਰਹੀ ਆ... ਲੱਗਦਾ ਐ ਸਾਰਾ ਸਵੈਟਰ ਹੀ ਉਧੜ ਜਾਵੇਗਾ...!

**ਪਾਪਾ**: ਇਸ ਗੱਲ ਵਿਚ ਹੀ ਰਵੀ ਦੇ ਸਵਾਲ ਦਾ ਜਵਾਬ ਏ... ਸਵੈਟਰ 'ਤੇ ਕਿੱਲ ਤਾਂ ਇੱਕ ਥਾਂ ਤੇ ਲੱਗੀ ਏ ਪਰ ਸਵੈਟਰ ਸਾਰਾ ਬੇਕਾਰ ! ਜੈਵ-ਭਿੰਨਤਾ ਵੀ ਬਿਲਕੁਲ ਇਸੇ ਤਰ੍ਹਾਂ...ਹੈ, ਇੱਕ ਪ੍ਰਜਾਤੀ ਅਲੋਪ ਹੁੰਦੀ ਏ ਤਾਂ ਦੂਸਰੀਆਂ ਪ੍ਰਜਾਤੀਆਂ ਦੀ ਹੋਂਦ 'ਤੇ ਵੀ ਅਸਰ ਪੈਂਦਾ... ਹੈ !

**ਮਾਂ**: ਕੁਦਰਤ ਦਾ ਹਰ ਪਹਿਲੂ ਆਪਸ ਵਿੱਚ ਜੁੜਿਆ ਹੋਇਆ ਹੈ...! ਇੱਕ ਨਿੱਕੀ ਜਿਹੀ ਛੇੜ ਛਾੜ ਵੀ ਕੁਦਰਤ ਦੀ ਖੂਬਸੂਰਤ ਤਸਵੀਰ ਨੂੰ ਖਰਾਬ ਕਰ ਦਿੰਦੀ ਐ...! ਜੈਵ-ਭਿੰਨਤਾ ਸੁਰੱਖਿਅਣ ਵਾਸਤੇ ਵੀ ਸਾਰੀਆਂ ਪ੍ਰਜਾਤੀਆਂ ਦਾ ਖਿਆਲ ਰੱਖਣਾ ਜ਼ਰੂਰੀ ਏ...! ਹਰ ਛੋਟੀ ਵੱਡੀ ਪ੍ਰਜਾਤੀ ਦਾ ਮਹੱਤਵਪੂਰਨ ਯੋਗਦਾਨ ਏ...!

**ਰਵੀ**: ਜੈਵ-ਭਿੰਨਤਾ ਦੀ ਗੱਲ ਹੋ ਰਹੀ ਐ ਪਰ ਇਸ ਦਾ ਮਤਲਬ...?

**ਸੁਰਜੀਤ**: ਜੀਵਾਂ ਦੀ ਵੰਨ-ਸੁਵੰਨਤਾ ਹੀ ਐ ਜੈਵ-ਭਿੰਨਤਾ...ਪਹਿਲੀ ਵਾਰ 1985 ਵਿਚ ਈ ਓ ਵਿਲਸਨ ਨੇ ਵਰਤਿਆ ਸੀ ਇਹ ਸ਼ਬਦ! ਸਰਲ ਭਾਸ਼ਾ ਵਿਚ ਇਸ ਦਾ ਮਤਲਬ ਹੁੰਦਾ ਏ ਅਲੱਗ-ਅਲੱਗ ਪ੍ਰਕਾਰ ਦੀਆਂ ਪ੍ਰਜਾਤੀਆਂ ਦਾ ਅਲੱਗ-ਅਲੱਗ ਥਾਵਾਂ 'ਤੇ ਮਿਲਣਾ ! ਵਿਗਿਆਨੀਆਂ ਦੇ ਲਈ ਇਸ ਦੇ ਹੋਰ ਵੀ ਮਤਲਬ ਹੋ ਸਕਦੇ ਹਨ...!

**ਪਾਪਾ:** ਜੈਵ-ਭਿੰਨਤਾ ਦਾ ਸਬੰਧ ਇਕੱਲੇ ਜਾਨਵਰਾਂ ਨਾਲ ਨਹੀਂ ਹੁੰਦਾ...ਇਸ ਵਿਚ ਜੰਗਲ, ਪਹਾੜ, ਖੇਤੀਬਾੜੀ, ਨਦੀਆਂ, ਸਮੁੰਦਰ, ਮਾਰੂਥਲੀ ਭੂਮੀ ਸਭ ਸ਼ਾਮਿਲ ਹੁੰਦਾ ਏ...ਸਾਰੇ ਜੀਵ-ਜੰਤੂ , ਪੇੜ -ਪੌਦੇ, ਜੜੀਆਂ ਬੂਟੀਆਂ ਝਾੜ-ਝਾੜੀਆਂ ਕਿਸੇ ਨਾ ਕਿਸੇ ਰੂਪ ਵਿਚ ਇਕ ਦੂਜੇ ਨਾਲ ਗੱਲਬਾਤ ਕਰਦੇ ਹਨ...ਹਵਾ, ਪਾਣੀ, ਮਿੱਟੀ ਨਾਲ ਵੀ...!

**ਮਾਂ:** ਠੰਡ ਵਧ ਰਹੀ ਐ...ਰਵੀ ਕੋਲ ਸਵੈਟਰ ਵੀ ਨਹੀਂ..ਚਲੋ ਘਰ ਚਲੀਏ...

**(ਦ੍ਰਿਸ਼ ਪਰਿਵਰਤਨ ਦਾ ਸੰਗੀਤ)**

## ਦ੍ਰਿਸ਼ - ਤੀਜਾ

**(ਅਗਲੇ ਦਿਨ ਚਿੜੀਆਂ ਦੇ ਚਹਿਚਹਾਣ ਦੀ ਅਵਾਜ਼, ਸਕੂਲ ਦੀ ਘੰਟੀ ਵੱਜਣ ਦੀ ਅਵਾਜ਼)**

**ਮੁੱਖ ਅਧਿਆਪਕ:** ਬੱਚਿਓ, ਤੁਸੀਂ ਸਾਰੇ ਜਾਣਦੇ ਹੋਵੋਗੇ ਕਿ ਸੰਯੁਕਤ ਰਾਸ਼ਟਰ ਸੰਘ ਨੇ 2011 ਤੋਂ 2020 ਦਾ ਦਹਾਕਾ ਜੈਵ-ਭਿੰਨਤਾ ਨੂੰ ਸਮਰਪਿਤ ਕੀਤਾ ਹੈ...

**ਸੁਰਜੀਤ:** ਹਾਂ ਜੀ ਸਰ !

**ਮੁੱਖ ਅਧਿਆਪਕ:** ਸ਼ਾਬਾਸ਼ ! ਅਸੀਂ ਤੁਹਾਡੇ ਸਾਰਿਆਂ ਲਈ ਆਹ ਨੇੜੇ ਦੇ ਪੰਛੀਆਂ ਦੇ ਪਾਰਕ ਵਿਚ ਜਾਣ ਦਾ ਬੰਦੋਬਸਤ ਕੀਤਾ ਹੈ... ! ਕੀ ਤੁਸੀਂ ਸਾਰੇ ਤਿਆਰ ਹੋ...?

**(ਬੱਚਿਆਂ ਦੀਆਂ ਖੁਸ਼ੀ ਵਿਚ ਚੀਕਣ ਅਤੇ ਆਪਸ ਵਿਚ ਗੱਲਾਂ ਕਰਨ ਦੀਆਂ ਅਵਾਜ਼ਾਂ)**

**ਮੁੱਖ ਅਧਿਆਪਕ:** ਤੁਸੀਂ ਸਾਰੇ ਬਹੁਤ ਉਤਸ਼ਾਹਿਤ ਨਜ਼ਰ ਆ ਰਹੇ ਓ...ਪਰ ਜਾਣ ਤੋਂ ਪਹਿਲਾਂ ਇਹ ਦੱਸੋ ਕਿ ਕੀ ਤੁਹਾਨੂੰ ਲੱਗਦਾ ਹੈ ਕਿ ਜੈਵ-ਭਿੰਨਤਾ ਸਾਰੀਆਂ ਥਾਵਾਂ 'ਤੇ ਇਕੋ ਜਿਹੀ ਹੁੰਦੀ ਏ?

**ਸੁਰਜੀਤ:** ਨਹੀਂ ਸਰ, ਇਹ ਕਿਵੇਂ ਸੰਭਵ ਹੈ...? ਹਰ ਥਾਂ ਦਾ ਰਹਿਣ-ਸਹਿਣ ਅਲੱਗ ਹੁੰਦਾ ਹੈ...ਜਿਸ ਕਰਕੇ ਜੈਵ-ਭਿੰਨਤਾ ਵੀ ਜਗ੍ਹਾ ਦੇ ਹਿਸਾਬ ਨਾਲ ਬਦਲਦੀ ਰਹਿੰਦੀ ਹੈ...!

**ਰਵੀ:** ਸਰ ਕਈ ਥਾਵਾਂ 'ਤੇ ਮੀਂਹ ਜ਼ਿਆਦਾ ਪੈਂਦਾ ਹੈ... ਕਿਤੇ ਨੇ ਮਾਰੂਥਲ...! ਦੂਜੇ ਪਾਸੇ ਨੇ ਗਹਿਰੇ ਸਮੁੰਦਰ ਜਾਂ ਬਰਫ਼ੀਲੀਆਂ ਥਾਵਾਂ...!

**ਸੁਰਜੀਥ:** ਹਾਂ ਸਰ ! ਇਨ੍ਹਾਂ ਬਦਲਵੀਆਂ ਪ੍ਰਸਿਥਿਤੀਆਂ ਤੋਂ ਸਾਫ਼ ਹੈ ਕਿ ਜੈਵਿਕ ਪ੍ਰਜਾਤੀਆਂ ਵੀ ਵਿਸ਼ਵ ਪੱਧਰ 'ਤੇ ਅਤੇ ਅਲੱਗ-ਅਲੱਗ ਥਾਵਾਂ 'ਤੇ ਹਾਲਤਾਂ ਦੇ ਹਿਸਾਬ ਵੱਖ ਵੱਖ ਹੋਣਗੀਆਂ ...!

**ਮੁੱਖ ਅਧਿਆਪਕ:** (ਖੁਸ਼ੀ ਨਾਲ) ਠੀਕ...! ਸਮੁੰਦਰ ਦੇ ਨੇੜੇ-ਤੇੜੇ ਜਾਂ ਇਸਦੇ ਹੇਠਾਂ ਜੈਵ-ਭਿੰਨਤਾ ਜਮੀਨ ਦੇ ਮੁਕਾਬਲੇ 25% ਘੱਟ ਹੁੰਦੀ ਹੈ...!

**ਸੁਰਜੀਤ:** ਧਰੁਵਾਂ ਤੋਂ ਭੂ-ਮੱਧ ਰੇਖਾ ਵੱਲ ਜਾਂਦੇ ਹੋਏ ਵੀ ਜੈਵ-ਭਿੰਨਤਾ ਵਧਦੀ ਜਾਂਦੀ ਹੈ...!

**ਮੁੱਖ ਅਧਿਆਪਕ:**ਅਜਿਹੀਆਂ ਕਿਹੜੀਆਂ ਚੀਜਾਂ ਨੇ ਜੋ ਜੈਵ-ਭਿੰਨਤਾ ਦੀ ਬਦੌਲਤ ਸਾਨੂੰ ਮਿਲੀਆਂ ਹੋਈਆਂ ਹਨ ? ਖੁਬਸੂਰਤੀ, ਸੁੰਦਰਤਾ, ਗਹਿਣਿਆਂ ਵਿਚ ਲੱਗਣ ਵਾਲੇ ਆਲੀਸ਼ਾਨ ਮੋਤੀ ਆਦਿ ਦੇ ਇਲਾਵਾ...!

**ਰਵੀ:** ਦਾਲਾਂ, ਸਬਜ਼ੀਆਂ ਅਤੇ ਫਲ...!

**ਮੁੱਖ ਅਧਿਆਪਕ:** ਬਿਲਕੁਲ ਸਹੀ ਜਵਾਬ, ਕੀ ਤੁਸੀਂ ਸਾਰੇ ਜਾਣਦੇ ਹੋ... ਧਰਤੀ 'ਤੇ ਭੋਜਨ ਵਾਲੇ ਪੌਦਿਆਂ ਦੀਆਂ

80,000 ਤੋਂ ਜ਼ਿਆਦਾ ਪ੍ਰਜਾਤੀਆਂ ਹਨ...ਪਰ 90% ਭੋਜਨ ਇਨ੍ਹਾਂ ਵਿਚੋਂ ਸਿਰਫ਼20 ਪ੍ਰਜਾਤੀਆਂ ਤੋਂ ਹੀ ਆਉਂਦਾ ਹੈ...

**ਅਧਿਆਪਕ:** ਵਿਸ਼ਵ ਪੱਧਰ 'ਤੇ ਖਾਣ ਦੀ ਸਮੱਸਿਆ ਹੱਲ ਲਈ ਜਰੂਰੀ ਹੈ ਕਿ ਸਾਡੇ ਖਾਣੇ ਦੀ ਮੇਜ 'ਤੇ ਵੀ ਵੰਨ – ਸੁਵੰਨਤਾ ਹੋਵੇ...!

**ਸੁਰਜੀਤ:** ਹਾਂ ਜੀ ! ਜੇਕਰ ਅਸੀਂ ਆਪਣੇ ਖਾਣ ਲਈ ਕੁਝ ਹੀ ਪੌਦਿਆਂ 'ਤੇ ਨਿਰਭਰ ਕਰਾਂਗੇ ਤਾਂ ਕਿਸੇ ਮਹਾਮਾਰੀ ਨਾਲ ਉਨ੍ਹਾਂ ਦੇ ਖ਼ਤਮ ਹੋਣ 'ਤੇ ਤਾਂ ਲੱਖਾਂ ਲੋਕ ਭੁੱਖੇ ਮਰ ਜਾਣਗੇ...!

**ਰਵੀ:** ਭੋਜਨ ਤਾਂ ਸਾਨੂੰ ਜਾਨਵਰਾਂ ਤੋਂ ਵੀ ਮਿਲਦਾ ਹੈ...ਮੱਛੀ, ਮੀਟ, ਅੰਡੇ...! ਪੌਦਿਆਂ ਤੋਂ ਮਿਲਦੀਆਂ ਨੇ ਦਵਾਈਆਂ (ਬੋਲਦੇ-ਬੋਲਦੇ ਕੁਝ ਸੋਚਣ ਲੱਗਿਆ ਅਤੇ ਫਿਰ ਅਚਾਨਕ ਬੋਲ ਪੈਂਦਾ ਏ) ਜਿਵੇਂ ਕਿ ਤੁਲਸੀ ਅਤੇ ਨਿੰਮ...!

**ਮੁੱਖ ਅਧਿਆਪਕ:** ਐਂਟੀਬਾਓਟਿਕ ਬਣਦੇ ਨੇ ਸੂਖਮ ਜੀਵਾਂ ਤੋਂ...

**ਸੁਰਜੀਤ:** ਸਰ ! ਦਰਦ ਦੀ ਦਵਾਈ ਐਸਪਰਿਨ, ਕੈਂਸਰ ਦੀ ਦਵਾਈ ਟੈਕਸੋਲ ਜਾਂ ਮਲੇਰੀਏਦੀ ਦਵਾਈ ਕੁਨੀਨ ਵੀ ਤਾਂ ਪੌਦਿਆਂ ਤੋਂ ਹੀ ਤਿਆਰ ਕੀਤੀ ਜਾਂਦੀ ਏ...!

**ਅਧਿਆਪਕ:** ਦਵਾਈਆਂ ਤਾਂ ਸੱਪ ਦੇ ਜ਼ਹਿਰ ਅਤੇ ਜੋਕ ਦੀ ਲਾਰ ਨਾਲ ਵੀ ਬਣਾਈਆਂ ਜਾਂਦੀਆਂ ਹਨ...! ਮੱਛੀ ਦਾ ਤੇਲ ਵੀ ਤਾਂ ਵਿਟਾਮਿਨ 'ਏ' ਤੇ 'ਡੀ' ਲਈ ਕੰਮ ਆਉਂਦਾ ਹੈ !

**ਮੁੱਖ ਅਧਿਆਪਕ:** ਇਕ ਅਨੁਮਾਨ ਦੇ ਮੁਤਾਬਿਕ ਡਾਕਟਰਾਂ ਵੱਲੋਂ ਲਿਖੀਆਂ ਦਵਾਈਆਂ ਵਿਚੋਂ 40% ਦਵਾਈਆਂ ਪੌਦਿਆਂ ਤੇ ਜਾਨਵਰਾਂ ਤੋਂ ਬਣੀਆਂ ਹੁੰਦੀਆਂ ਹਨ...! ਜੇਕਰ ਸਹੀ ਤਰੀਕੇ ਨਾਲ ਧਰਤੀ 'ਤੇ ਮੌਜੂਦ ਤਰ੍ਹਾਂ-ਤਰ੍ਹਾਂ ਦੇ ਜੀਵ-ਜੰਤੂਆਂ ਨੂੰ ਪਰਖਿਆ ਜਾਵੇ ਤਾਂ ਪਤਾ ਨਹੀਂ ਹੋਰ ਕਿੰਨੇ ਇਲਾਜ ਸਾਹਮਣੇ ਆਉਣਗੇ...!

**ਰਵੀ:** ਪੌਦਿਆਂ ਤੋਂ ਮਿਲਦੇ ਨੇ ਕਪਾਹ ਅਤੇ ਸਨੁਕੜਾ ਤੇ ਪਟਸਨ... ਕੱਪੜੇ ...ਕਾਗਜ਼...ਤੇ ਭੇਡਾਂ ਤੋਂ ਉੱਨ !

**ਮੁੱਖ ਅਧਿਆਪਕ:**(ਤਾੜੀ ਵਜਾਉਂਦੇ ਹੋਏ) ਆਕਸੀਜਨ ਤਾਂ ਭੁੱਲ ਹੀ ਗਏ... (ਹੱਸਦੇ ਹੋਏ) ਕੋਈ ਗੱਲ ਨਹੀਂ...ਇਹ ਦੋਵੇਂ ਭੈਣ-ਭਰਾ ਕੁਦਰਤ ਦੇ ਤੋਹਫਿਆਂ ਬਾਰੇ ਬਹੁਤ ਕੁਝ ਜਾਣਦੇ ਹਨ...!

**ਅਧਿਆਪਕ:** ਹਾਂ ਸਰ ! ਪਰ ਸਾਨੂੰ ਵੀ ਚਾਹੀਦਾ ਏ ਕਿ ਕੁਦਰਤ ਦੀਆਂ ਇਨ੍ਹਾਂ ਸੁਗਾਤਾਂ ਨੂੰ ਸੰਭਾਲ ਕੇ ਰੱਖੀਏ...! ਓਨਾ ਹੀ ਵਰਤੀਏ ਜਿਨੀ ਜ਼ਰੂਰਤ ਏ...! ਆਉਣ ਵਾਲੀਆਂ ਪੀੜ੍ਹੀਆਂ ਦਾ ਖਿਆਲ ਵੀ ਰੱਖੀਏ ਤਾਕਿ ਉਹ ਵੀ ਇਨ੍ਹਾਂ ਸਾਧਨਾਂ ਨੂੰ ਵਰਤ ਸਕਣ...!

**ਰਵੀ:** ਮੇਰੀ ਮਾਂ ਕਹਿੰਦੀ ਏ – ਜੇਕਰ ਅਸੀਂ ਕਿਸੇ ਪ੍ਰਜਾਤੀ ਦੇ ਸਾਰੇ ਜਾਨਵਰਾਂ ਜਾ ਪੌਦਿਆਂ ਨੂੰ ਖਤਮ ਕਰ ਦਈਏ ਤਾਂ ਉਹ ਅਲੋਪ ਹੋ ਜਾਣਗੇ...!

**ਸੁਰਜੀਤ:** ਤੇ ਉਨ੍ਹਾਂ ਦੇ ਨਾਲ ਕੁਦਰਤ ਦਾ ਸੰਤੁਲਨ ਵਿਗੜ ਕੇ ਬਾਕੀ ਪ੍ਰਜਾਤੀਆਂ ਤੇ ਵੀ ਮਾੜਾ ਪ੍ਰਭਾਵ ਪਵੇਗਾ ! ਇਨ੍ਹਾਂ ਤੋਂ ਸਾਨੂੰ ਜਿਹੜਾ ਲਾਭ ਹੁੰਦਾ ਸੀ ਉਹ ਨਹੀਂ ਹੋਵੇਗਾ... !

**ਮੁੱਖ ਅਧਿਆਪਕ:** ਬਿਲਕੁਲ...! ਵਾਹ ਬੱਚਿਓ ! ਤੁਸੀਂ ਤਾਂ ਟਿਕਾਊ ਵਿਕਾਸ ਦੀ ਕੁੰਜੀ ਦੱਸ ਦਿੱਤੀ...!

**ਰਵੀ:** ਟਿਕਾਊ ਵਿਕਾਸ.. ਮਾਫ਼ ਕਰਨਾ ਸਰ.. ਮੈਨੂੰ ਇਸ ਦਾ ਮਤਲਬ ਨਹੀਂ ਪਤਾ...!

**ਮੁੱਖ ਅਧਿਆਪਕ:** ਟਿਕਾਊ ਵਿਕਾਸ ਦਾ ਮਤਲਬ ਹੁੰਦਾ ਹੈ ਕਿ ਅਸੀਂ ਕੁਦਰਤੀ ਸਾਧਨਾਂ ਦੀ ਇਸ ਤਰ੍ਹਾਂ ਵਰਤੋਂ ਕਰੀਏ ਕਿ ਉਨ੍ਹਾਂ ਦੀ ਮੁੜ ਪੂਰਤੀ ਲਈ ਵਕਤ ਮਿਲਦਾ ਰਹੇ !

**ਸੁਰਜੀਤ:** ਸਰ ! ਟਿਕਾਊ ਵਿਕਾਸ ਦੇ ਮਾਅਨੇ ਨੇ ਕੁਦਰਤ ਨਾ ਇਕਸੁਰਤਾ ਵਾਲਾ ਵਿਕਾਸ...!

**ਅਧਿਆਪਕ:** ਹਾਂ... ਸ਼ਾਬਾਸ਼ ! ਚਲੋ ਬੱਚਿਓ... ਹੁਣ ਪਾਰਕ ਚੱਲੀਏ... ਲਾਇਨ ਬਣਾਊ ਅਤੇ ਬੱਸ ਵਿਚ ਬੈਠਣਾ ਸ਼ੁਰੂ ਕਰੋ...!

**(ਬੱਸ ਦੇ ਇੰਜਣ ਦੀ ਅਵਾਜ਼, ਬੱਚਿਆਂ ਦੇ ਬੱਸ ਵਿਚ ਚੜ੍ਹਣ ਅਤੇ ਗੱਲਾਂ ਕਰਨ ਦੀਆਂ ਅਵਾਜ਼, ਬੱਸ ਦੇ ਸਟਾਰਟ ਹੋਣ ਦੀ ਅਵਾਜ਼ ਅਤੇ ਟ੍ਰੈਫਿਕ ਦਾ ਸ਼ੋਰ)**

**ਅਧਿਆਪਕ:** ਚੰਗਾ ਹੋਇਆ ਕਿ ਅਸੀਂ ਛੇਵੀਂ, ਸੱਤਵੀਂ ਤੇ ਅੱਠਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਇਕੱਠੇ ਪੰਛੀ ਪਾਰਕ ਘੁੰਮਾਉਣ ਲਈ ਲਿਜਾ ਸਕੇ... ਹਾਂ ! ਉੱਥੇ ਡਾ. ਗੁਰਿੰਦਰ ਵੀ ਤਾਂ ਹੋਣਗੇ ਬੱਚਿਆਂ ਨੂੰ ਜਾਣਕਾਰੀ ਦੇਣ ਦੇ ਲਈ!

**ਮੁੱਖ ਅਧਿਆਪਕ:** (ਉਤਸ਼ਾਹ ਨਾਲ) ਹਾਂ, ਬੱਚਿਆਂ ਨੂੰ ਇਹ ਸਭ ਦਿਖਾਉਣਾ ਚਾਹੀਦੈ...ਕਲਾਸ ਵਿਚ ਪੜ੍ਹਾਈ ਤੋਂ ਇਲਾਵਾ ਨਵੀਆਂ-ਨਵੀਆਂ ਚੀਜ਼ਾਂ ਨੂੰ ਦੇਖਣਾ, ਛੂਹਣਾ ਅਤੇ ਸਮਝਣਾ ਵੀ ਜ਼ਰੂਰੀ ਏ.. (ਥੋੜ੍ਹਾ ਰੁਕ ਕੇ- ਨਿਰਾਸ਼ਾਜਨਕ ਅਵਾਜ਼ ਵਿਚ) ਪਰ ਇਨ੍ਹਾਂ ਨੂੰ ਉੱਥੇ ਲੈ ਕੇ ਜਾਣ ਦਾ ਇਕ ਕਾਰਨ ਇਹ ਵੀ ਏ...!

**ਅਧਿਆਪਕ:** ਉਹ ਕੀ, ਸਰ?

**ਮੁੱਖ ਅਧਿਆਪਕ:** ਡਾ. ਗੁਰਿੰਦਰ ਦੱਸ ਰਹੇ ਸਨ ਕਿ ਪੰਛੀ ਪਾਰਕ ਵਾਲੀ ਥਾਂ 'ਤੇ ਇੱਕ ਹਾਊਸਿੰਗ ਕੰਪਲੈਕਸ ਬਣਾਉਣ ਦਾ ਪ੍ਰਸਤਾਵ ਹੈ... ਅਜੇ ਤੱਕ ਕੋਈ ਫੈਸਲਾ ਤਾਂ ਨਹੀਂ ਹੋਇਆ.. ਪਰ ਗੱਲਬਾਤ ਚੱਲ ਰਹੀ ਹੈ...ਮੈਂ ਚਾਹੁੰਦਾ ਹਾਂ ਕਿ ਬੱਚੇ ਕੁਦਰਤ ਦੀ ਸੁੰਦਰਤਾ ਨੂੰ ਨਜ਼ਦੀਕ ਤੋਂ ਦੇਖਣ.. ਇਸ ਤੋਂ ਪਹਿਲਾ ਕਿ ਉਹ ਗਾਇਬ ਹੋ ਜਾਵੇ...!

**ਅਧਿਆਪਕ:** ਇਸ ਨਾਲ ਤਾਂ ਸਾਰੇ ਜਾਨਵਰਾਂ ਦਾ ਰੈਣ ਬਸੇਰਾ ਖੁੱਸ ਜਾਵੇਗਾ ਸਰ! ਜੈਵਿਕ ਭਿੰਨਤਾ ਨੂੰ ਵੀ ਬਹੁਤ ਨੁਕਸਾਨ ਪਹੁੰਚੇਗਾ ! ਜਿੰਨੀ ਵੱਡੀ ਪ੍ਰਜਾਤੀ, ਓਨਾ ਜ਼ਿਆਦਾ ਉਸ 'ਤੇ ਅਸਰ... ਜੰਗਲਾਂ ਅਤੇ ਸਮੁੰਦਰਾਂ ਵਿਚ ਰਹਿਣ ਵਾਲੀਆਂ ਪ੍ਰਜਾਤੀਆਂ ਤਾਂ ਰੈਣ ਬਸੇਰਾ ਨਸ਼ਟ ਹੋਣ ਨਾਲ ਸਭ ਤੋਂ ਜ਼ਿਆਦਾ ਪ੍ਰਭਾਵਿਤ ਹੁੰਦੀਆਂ ਹਨ...ਅਤੇ ਇਹ ਪਾਰਕ ਅਜਿਹੀ ਹੀ ਇਕ ਥਾਂ ਏ...!

**ਮੁੱਖ ਅਧਿਆਪਕ:** ਹਾਂ, ਜੈਵ-ਭਿੰਨਤਾ ਨੂੰ ਹੋਣ ਵਾਲੇ ਨੁਕਸਾਨ ਦਾ ਕਾਰਨ ਨੇ ਰੈਣ ਬਸੇਰਿਆਂ ਦਾ ਵਿਨਾਸ਼, ਜਲਵਾਯੂ ਪਰਿਵਰਤਨ, ਪ੍ਰਦੂਸ਼ਣ, ਕਟਾਈ ਆਦਿ...!

**ਅਧਿਆਪਕ:** ਅੱਜ ਹਵਾ, ਪਾਣੀ, ਮਿੱਟੀ....ਸਭ ਪ੍ਰਦੂਸ਼ਿਤ ਹਨ...ਇਹ ਚੰਗਾ ਹੋਵੇਗਾ ਕਿ ਬੱਚੇ ਆਪ ਕੁਦਰਤ ਨਾਲ ਜੁੜ ਕੇ ਇਹ ਸਮਝ ਸਕਣ ਕਿ ਆਖਿਰ ਕੁਦਰਤ ਹੈ ਕੀ ਚੀਜ਼ ਅਤੇ ਕਿੰਨੀ ਜ਼ਰੂਰੀ ਹੈ ਇਹ...?

**ਮੁੱਖ ਅਧਿਆਪਕ:** ਮੈਂ ਸੋਚਿਐ ਕਿ ਮੈਂ ਬੱਚਿਆਂ ਤੋਂ ਇਕ ਪੱਤਰ ਲਿਖਵਾਵਾਂਗਾ ਤੇ ਉਸ ਨੂੰ ਸਬੰਧਿਤ ਅਧਿਕਾਰੀਆਂ ਤੱਕ ਭੇਜਾਂਗਾ... ਦੇਖਦੇ ਹਾਂ...ਕੀ ਹੋਵੇਗਾ ?

(ਇਸ ਵਿਚ ਸੁਰਜੀਤ ਅਤੇ ਰਵੀ ਗੱਲਾਂ ਕਰ ਰਹੇ ਹਨ...ਬੱਸ ਵਿਚ ਬੈਠੇ ਹੋਏ ਹਨ...ਬੱਸ ਦੇ ਇੰਜਣ ਦੀ ਅਵਾਜ਼ ਅਤੇ ਟ੍ਰੈਫਿਕ ਦੀ ਅਵਾਜ਼ ਲਗਾਤਾਰ ਆ ਰਹੀ ਏ)

**ਰਵੀ:** ਤੈਨੂੰ ਕੀ ਲੱਗਦਾ ਕਿ ਅਸੀਂ ਪਾਰਕ ਵਿਚ ਕੀ ਦੇਖਾਂਗੇ?

**ਸੁਰਜੀਤ:** ਪੰਛੀ ਤਾਂ ਜ਼ਰੂਰ ਦੇਖਾਂਗੇ...ਇਸ ਤੋਂ ਬਿਨਾ ਤਿਤਲੀਆਂ, ਮਧੂ ਮੱਖੀਆਂ ਅਤੇ ਛੋਟੇ ਜਾਨਵਰ...ਮੈਂ ਪਿਛਲੀ ਵਾਰ ਨਿਓਲਾ ਵੀ ਦੇਖਿਆ ਸੀ...!

(ਦ੍ਰਿਸ਼ ਪਰਿਵਰਤਨ ਦਾ ਸੰਗੀਤ)

**ਦ੍ਰਿਸ਼ – ਚੌਥਾ**

**( ਪੰਛੀ ਪਾਰਕ ਦਾ ਦ੍ਰਿਸ਼ ਬੱਚੇ ਬਸ ਵਿੱਚੋਂ ਉਰ ਰਹੇ ਹਨ ... ਅਵਾਜਾਂ )**

**ਅਧਿਆਪਕ:** ਕਿੰਨੀ ਸ਼ਾਂਤੀ ਏ ਇਥੇ...! ਕਿੰਨੀ ਹਰਿਆਲੀ...! ਪੁਰਾਣੇ ਦਰਖਤਾਂ ‘ਤੇ ਕਿਵੇਂ ਕਾਈ ਜੰਮੀ ਹੋਈ ਏ...! ਕਿੰਨਾ ਖੂਬਸੂਰਤ ਨਜ਼ਾਰਾ ਹੈ...! (ਡੂੰਘੇ ਸਾਹ ਦੀ ਅਵਾਜ਼) ਹਵਾ ਵੀ ਬਿਲਕੁਲ ਸਾਫ਼... ਆਉ ਬੱਚਿਓ, ਡਾ. ਗੁਰਿੰਦਰ ਸਾਨੂੰ ਮਿਲਣ ਇੱਥੇ ਆਏ ਹਨ...!

**ਸਾਰੇ ਬੱਚੇ ਮਿਲ ਕੇ:** ਨਮਸਤੇ ਡਾ. ਸਾਹਿਬ...!

**ਡਾ. ਗੁਰਿੰਦਰ:** ਨਮਸਤੇ...! ਮੈਨੂੰ ਬਹੁਤ ਖੁਸ਼ੀ ਹੋਈ ਕਿ ਤੁਸੀਂ ਇਥੇ ਆਏ... ਮੈਡਮ...! ਸਰ...! ਇਸ ਪਾਸਿਓਂ ਆਉ...! ਹਾਂ ਬੱਚਿਓ ਇਕ ਗੱਲ ਦਾ ਖ਼ਾਸ ਧਿਆਨ ਰੱਖਿਓ... ਜ਼ਿਆਦਾ ਜ਼ੋਰ ਨਾਲ ਗੱਲਾਂ ਨਾ ਕਰਨਾ ਨਹੀਂ ਤਾਂ ਸਾਰੇ ਪੰਛੀ ਡਰ ਜਾਣਗੇ...! ਜਿੱਥੇ ਚਾਹੋ ਉੱਥੇ ਘੁੰਮੋ ਤੇ ਅੱਧੇ ਘੰਟੇ ਵਿਚ ਵਾਪਿਸ ਇੱਥੇ ਆ ਜਾਇਓ...! ਕਿਸੇ ਵੀ ਰੁੱਖ ਤੋਂ ਫਲ ਜਾਂ ਫੁੱਲ ਨਾ ਤੋੜਿਓ ਅਤੇ ਰੁੱਖਾਂ ਨੂੰ ਨੁਕਸਾਨ ਵੀ ਨਹੀਂ ਪਹੁੰਚਾਉਣਾ...!

**ਮੁੱਖ ਅਧਿਆਪਕ:** ਆਉ ਡਾ. ਗੁਰਿੰਦਰ ਅਸੀਂ ਇੱਥੇ ਬੈਠਦੇ ਹਾਂ... ਤੁਹਾਡੀ ਪ੍ਰੇਸ਼ਾਨੀ ‘ਤੇ ਕਰਦੇ ਹਾਂ ਚਰਚਾ...!

**ਡਾ. ਗੁਰਿੰਦਰ:** ਸਰ, ਜਿਵੇਂ ਕਿ ਤੁਸੀਂ ਜਾਣਦੇ ਓ ਕਿ ਇਹ ਥਾਂ ਕਿੰਨੀ ਸੁਹਣੀ ਏ... ਇਥੇ ਪੁਰਾਣੇ ਫਲਦਾਰ ਪੌਦੇ ਹਨ... ਅਜਿਹੇ ਰੁੱਖ ਵੀ ਹਨ ਜਿਨ੍ਹਾਂ ਤੋਂ ਦਵਾਈਆਂ ਬਣਦੀਆਂ ਹਨ... ਅਤੇ ਕੁਝ ਅਜਿਹੇ ਰੁੱਖ ਵੀ ਹਨ ਜਿਹੜੇ ਖੂਬਸੂਰਤੀ ਵਧਾਉਣ ਦੇ ਨਾਲ-ਨਾਲ ਵਾਤਾਵਰਣ ਨੂੰ ਸਾਫ਼ ਰੱਖਦੇ ਹਨ...ਇਸ ਪਾਰਕ ਵਿਚ ਪੰਛੀਆਂ ਦੀਆਂ 26 ਪ੍ਰਜਾਤੀਆਂ ਮੌਜੂਦ ਹਨ...! ਇਸ ਤੋਂ ਬਿਨਾ ਪ੍ਰਵਾਸੀ ਪੰਛੀ ਵੀ ਆਉਂਦੇ ਰਹਿੰਦੇ ਹਨ... ਤਿਤਲੀਆਂ ਦੀਆਂ 13 ਪ੍ਰਜਾਤੀਆਂ, ਮੱਕੜੀਆਂ ਦੀਆਂ 18 ਤੇ ਕੀੜੀਆਂ ਦੀਆਂ 3 ਪ੍ਰਜਾਤੀਆਂ ਹਨ... ਥਣਧਾਰੀ ਜਾਨਵਰਾਂ ਦੀਆਂ ਕਈ ਪ੍ਰਜਾਤੀਆਂ ਵੀ ਇਸ ਪਾਰਕ ਵਿਚ ਰਹਿੰਦੀਆਂ ਹਨ...!

**ਅਧਿਆਪਕ:** ਕੰਕਰੀਟ ਦੇ ਜੰਗਲ...ਇਸ ਸ਼ਹਿਰ ਦੇ ਨੇੜੇ, ਇਹ ਜੈਵਿਕ ਭਿੰਨਤਾ ਤਾਂ ਸਵਰਗ ਏ... ਮੈਂ ਕਦੇ ਵੀ ਨਹੀਂ ਸੋਚਿਆ ਸੀ ਕਿ ਸ਼ਹਿਰ ਦੇ ਨੇੜੇ ਅਜਿਹੀ ਭਿੰਨਤਾ ਨੂੰ ਸੰਭਾਲਿਆ ਵੀ ਜਾ ਸਕਦਾ ਹੈ... ਤੁਸੀਂ ਇਨ੍ਹਾਂ ਜਾਨਵਰਾਂ ਨੂੰ ਖਾਣ ਦੇ ਲਈ ਕੀ ਦਿੰਦੇ ਹੋ ?

**ਡਾ. ਗੁਰਿੰਦਰ:** ਨਹੀਂ, ਇਥੇ ਜਾਨਵਰ ਆਪ ਹੀ ਆਪਣਾ ਭੋਜਨ ਇਕੱਠਾ ਕਰਦੇ ਹਨ... ਅਸੀਂ ਇਨ੍ਹਾਂ ਨੂੰ ਖੁੱਲ੍ਹਾ ਛੱਡਿਆ ਹੋਇਆ ਹੈ...! ਬਿਲਕੁਲ ਉਵੇ ਹੀ ਜਿਵੇਂ ਉਹ ਜੰਗਲ ਵਿਚ ਰਹਿੰਦੇ ਹਨ... ਕੁਦਰਤੀ ਚੱਕਰ ਹੀ ਅਜਿਹਾ ਹੈ,

ਸਾਨੂੰ ਕੁਝ ਕਰਨ ਦੀ ਜ਼ਰੂਰਤ ਹੀ ਨਹੀਂ ਪੈਂਦੀ…ਪੁਰਾਣੇ ਦਰੱਖਤਾਂ ‘ਤੇ ਰਹਿੰਦੇ ਕੀਟ ਪਤੰਗੇ ਤੇ ਇਹ ਫਲਦਾਇਕ ਰੁੱਖ ਪੰਛੀਆਂ ਦੇ ਭੋਜਨ ਦਾ ਕੰਮ ਕਰਦੇ ਹਨ…! ਕੁਝ ਜੀਵ-ਜੰਤੂ ਮਰੇ ਹੋਏ ਕੀੜੇ-ਮਕੌੜਿਆਂ ਨੂੰ ਖਾ ਲੈਂਦੇ ਹਨ ਤੇ ਕੁਝ ਬਚੇ ਹੋਏ ਕੂੜੇ ਵਿਚੋਂ ਭੋਜਨ ਭਾਲ ਲੈਂਦੇ ਹਨ…!

**ਅਧਿਆਪਕ:**ਇਥੇ ਤਾਂ ਤਿਤਲੀਆਂ ਦੀ ਇਕ ਨਵੀਂ ਪ੍ਰਜਾਤੀ ਵੀ ਮਿਲੀ ਸੀ…ਇਥੇ ਰਹਿਣ ਵਾਲੀਆਂ ਸਾਰੀਆਂ ਪ੍ਰਜਾਤੀਆਂ ਦੀ ਤੁਸੀਂ ਸੂਚੀ ਤਾਂ ਬਣਾ ਹੀ ਰੱਖੀ ਹੈ.. ਤਾਂ ਫਿਰ ਪ੍ਰੇਸ਼ਾਨੀ ਕਿਸ ਗੱਲ ਦੀ?

**ਡਾ. ਗੁਰਿੰਦਰ:** ਇਸ ਭਿੰਨਤਾ ‘ਤੇ ਸੰਕਟ ਦੇ ਬੱਦਲ ਛਾਏ ਹਨ… ਪਾਰਕ ਦੇ ਨੇੜੇ ਇਕ ਝੁੱਗੀ ਬਸਤੀ ਵਸ ਗਈ ਹੈ.. ਹੁਣ ਲੋਕ ਸਾਰੇ ਪਾਰਕ ਨੂੰ ਵੀ ਹੜੱਪ ਰਹੇ ਹਨ… ਇਥੋਂ ਫਲ ਚੋਰੀ ਕਰਦੇ ਹਨ.. ਹੋਰ ਤਾਂ ਹੋਰ ਪੰਛੀਆਂ ਨੂੰ ਫੜ ਕੇ ਬਜ਼ਾਰ ਵਿਚ ਵੇਚਦੇ ਹਨ… ਰੁੱਖਾਂ ਨੂੰ ਕੱਟ ਰਹੇ ਹਨ…!

**ਮੁੱਖ ਅਧਿਆਪਕ:** ਤੁਹਾਨੂੰ ਇਥੇ ਸੁਰੱਖਿਆ ਕਰੜੀ ਕਰਨੀ ਪਏਗੀ…!

**ਡਾ. ਗੁਰਿੰਦਰ:** ਪਰ ਮੈਂ ਤਾਂ ਇਹ ਵੀ ਸੁਣਿਆ ਹੈ ਕਿ ਨੇੜੇ-ਤੇੜੇ ਇਕ ਬਹੁ-ਮੰਜ਼ਿਲਾਂ ਇਮਾਰਤ ਬਣਨ ਵਾਲੀ ਏ… ਉਸ ਦੇ ਨਾਲ ਇਕ ਸ਼ਾਪਿੰਗ ਮਾਲ ਵੀ ਬਣੇਗਾ ਤੇ ਇੱਕ ਜ਼ਮੀਨਦੋਜ਼ ਪਾਰਕਿੰਗ ਵੀ…! ਇਸ ਵਾਸਤੇ ਸਾਰੇ ਰੁੱਖਾਂ ਤੇ ਫਿਰੇਗਾ ਆਰਾ ਇਸ ਥਾਂ ਦੀ ਸਾਰੀ ਸ਼ੋਭਾ ਹੋ ਜਾਵੇਗੀ ਖ਼ਤਮ…! ਅਸੀਂ ਤਾਂ ਹੁਣ ਅਜਿਹੇ ਵਿਕਾਸ ਵੱਲ ਤੁਰ ਪਏ ਹਾਂ ਜਿਵੇਂ ਸਾਡਾ ਆਉਣ ਵਾਲੀਆਂ ਪੀੜ੍ਹੀਆਂ ਤੇ ਉਨ੍ਹਾਂ ਦੇ ਜੀਵਨ ਨਾਲ ਕੋਈ ਲੈਣਾ-ਦੇਣਾ ਨਾ ਹੋਵੇ…!

**ਮੁੱਖ ਅਧਿਆਪਕ:** ਰੁੱਖਾਂ ਦੀ ਕਟਾਈ, ਪ੍ਰਦੂਸ਼ਣ ਅਤੇ ਗਲੋਬਲ ਵਾਰਮਿੰਗ ਦੇ ਕਾਰਨ ਬਹੁਤ ਵੱਡਾ ਨੁਕਸਾਨ ਹੋ ਰਿਹੈ…! ਤੁਸੀਂ ਇਥੇ ਇਸ ਛੋਟੇ ਜਿਹੇ ਪਾਰਕ ਦੇ ਪੱਧਰ ‘ਤੇ ਵੀ ਅਜਿਹਾ ਹੀ ਨੁਕਸਾਨ ਝੱਲ ਰਹੇ ਹੋ…ਕਿਉਂਕਿ ਇਹ ਛੋਟੇ ਪੱਧਰ ‘ਤੇ ਹੋ ਰਿਹੈ ਇਸ ਲਈ ਅਸੀਂ ਇਸ ਨੂੰ ਦੇਖ ਅਤੇ ਸਮਝ ਸਕੇ ਹਾਂ…!

**ਅਧਿਆਪਕ:** ਮਨੁੱਖ ਨਹੀਂ ਸਮਝਦਾ ਕਿ ਕੁਦਰਤ ਦੀ ਆਪਣੀ ਇਕ ਵਿਵਸਥਾ ਹੈ ! ਇਸ ਵਿਚ ਜੇਕਰ ਇਕ ਛੋਟੀ ਜਿਹੀ ਕੜੀ ਵੀ ਟੁੱਟ ਜਾਏ ਤਾਂ ਪੂਰੀ ਵਿਵਸਥਾ ਤਹਿਸ-ਨਹਿਸ ਹੋ ਸਕਦੀ ਹੈ…! ਜਦੋਂ ਸਥਾਨਕ ਵਿਵਸਥਾ ਵਿਗੜ ਜਾਏਗੀ ਤਾਂ ਵਿਸ਼ਵ ਵਿਵਸਥਾ ਕਿਵੇਂ ਅਲੱਗ ਰਹਿ ਸਕਦੀ ਹੈ…?

**ਡਾ. ਗੁਰਿੰਦਰ:** ਮਨੁੱਖ ਨੂੰ ਇਸ ਗੱਲ ਦਾ ਅਹਿਸਾਸ ਹੀ ਨਹੀਂ ਕਿ ਜਿਹੜੀ ਜੈਵ-ਵਿਭਿੰਨਤਾ ਉਹ ਅੱਜ ਦੇਖ ਰਹੇ ਹਨ। ਉਹ ਲੱਖਾਂ-ਕਰੋੜਾਂ ਸਾਲਾਂ ਤੋਂ ਹੋ ਰਹੇ ਵਿਕਾਸ ਦਾ ਨਤੀਜਾ ਏ…!ਇਹ ਪਾਰਕ ਉਸਦਾ ਇੱਕ ਹਿੱਸਾ ਹੈ ! ਜੇਕਰ ਇਹ ਪਾਰਕ ਗਾਇਬ ਹੋ ਗਿਆ ਤਾਂ ਬਹੁਤ ਸਾਰੇ ਜਾਨਵਰ ਅਤੇ ਪੇੜ-ਪੌਦੇ ਖ਼ਤਮ ਹੋ ਜਾਣਗੇ…!

**ਅਧਿਆਪਕ:** ਅਸੀਂ ਆਪਣੇ ਸਮੁੰਦਰ ਤੇ ਧਰਤੀ ਦੋਨਾਂ ਨੂੰ ਹੀ ਖੋਖਲਾ ਕਰ ਰਹੇ ਹਾਂ…! ਤੇਜ਼ੀ ਨਾਲ ਜੰਗਲਾਂ ਨੂੰ ਕੱਟ ਰਹੇ ਹਾਂ ਅਤੇ ਕੁਦਰਤ ਦੇ ਨਿਯਮਾਂ ਨੂੰ ਤੋੜ ਕੇ ਕੁਦਰਤੀ ਸੰਤੁਲਨ ਵਿਗਾੜ ਰਹੇ ਹਾਂ ਜਿਸ ਨਾਲ ਜੈਵਿਕ ਵੰਨ - ਸੁਵੰਨਤਾ ਤੇ ਲਾਗਦੀ ਹੈ ਕਰਾਰੀ ਚੋਟ !

**ਮੁੱਖ ਅਧਿਆਪਕ:**ਤੁਹਾਨੂੰ ਪਤੈ…? ਸੰਨ 2000 ਤੋਂ 2010 ਦੇ ਦਰਮਿਆਨ ਕਰੀਬ 1 ਕਰੋੜ 30 ਲੱਖ ਹੈਕਟੇਅਰ ਜੰਗਲ ਹਰ ਸਾਲ ਕੱਟੇ ਜਾਂਦੇ ਰਹੇ ਹਨ…! ਤੁਸੀਂ ਸੋਚ ਵੀ ਨਹੀਂ ਸਕਦੇ ਕਿ ਪਿਛਲੇ 50 ਸਾਲਾਂ ਵਿਚ ਐਮੇਜਨ ਦੇ ਵਿਭਿੰਨਤਾ ਭਰਪੂਰ ਇਲਾਕੇ ਦਾ 17% ਹਿੱਸਾ ਜੰਗਲਾਂ ਦੀ ਕਟਾਈ ਤੇ ਪਸ਼ੂਪਾਲਣ ਦੀ ਭੇਂਟ ਚੜ੍ਹ ਚੁੱਕਿਆ ਹੈ…!

**ਅਧਿਆਪਕ:** ਸੋਚੋ...! ਐਨੇ ਜੰਗਲ ਅਤੇ ਜੀਵ-ਜੰਤੂਆਂ ਨੂੰ ਖਤਮ ਕਰ ਦਿੱਤਾ! ਇਹ ਭਲਾ ਕਿਥੋਂ ਦੀ ਸਮਝਦਾਰੀ ਹੈ...? ਇਸ ਪ੍ਰਕਾਰ ਤਾਂ ਅਸੀਂ ਸਾਰੇ ਜੰਗਲ ਤੇ ਹਰਿਆਲੀ ਨੂੰ ਹੀ ਖ਼ਤਮ ਕਰ ਦੇਵਾਂਗੇ...! ਮੀਂਹ ਤੇ ਧੁੱਪ ਦੀ ਲੁਕਣਮੀਚੀ ਖ਼ਤਮ ਹੋ ਜਾਵੇਗੀ...! ਚੰਗੀ ਭਲੀ ਉਪਜਾਊ ਜ਼ਮੀਨ ਬੰਜਰ ਹੋ ਜਾਵੇਗੀ...! ਭਵਿੱਖ ਹੀ ਖਤਰੇ ਵਿੱਚ ਡੁੱਬ ਜਾਵੇਗਾ !

**ਡਾ. ਗੁਰਿੰਦਰ:** ਹਰ 10% ਜੰਗਲ ਦੀ ਕਟਾਈ ਦਾ ਮਤਲਬ ਏ 1 ਜਾਂ 2 ਪ੍ਰਜਾਤੀਆਂ ਦਾ ਅਲੋਪ ਹੋ ਜਾਣਾ...ਪਰ ਜਦ ਜੰਗਲਾਂ ਦੀ ਕਟਾਈ 43% ਤੋਂ ਟੱਪਦੀ ਹੈ ਤਾਂ ਜੈਵ-ਭਿੰਨਤਾ ਨੂੰ ਨੁਕਸਾਨ ਹੋਰ ਤੇਜ਼ੀ ਨਾਲ ਹੁੰਦਾ ਹੈ...ਇਸ ਤੋਂ ਬਾਅਦ ਤਾਂ 10% ਜੰਗਲ ਦੀ ਕਟਾਈ ਨਾਲ ਵੀ 8 ਪ੍ਰਜਾਤੀਆਂ ਅਲੋਪ ਹੋਣ ਦਾ ਖ਼ਤਰਾ ਰਹਿੰਦਾ ਏ...!

**ਮੁੱਖ ਅਧਿਆਪਕ:** ਕੀ ਤੁਹਾਨੂੰ ਲੱਗਦਾ ਹੈ ਕਿ ਇਸ ਦਾ ਅਸਰ ਆਮ ਲੋਕਾਂ ਮਤਲਬ ਮੇਰੇ ‘ਤੇ ਅਤੇ ਤੁਹਾਡੇ ‘ਤੇ ਨਹੀਂ ਪਏਗਾ...? ਕੀ ਇਸ ਨਾਲ ਸਿਰਫ਼ ਬੇਜ਼ੁਬਾਨ ਜਾਨਵਰਾਂ ‘ਤੇ ਹੀ ਅਸਰ ਪਏਗਾ...?

**ਡਾ. ਗੁਰਿੰਦਰ:** ਬੇਸ਼ੱਕ ਸੱਭ ਤੇ ਪਏਗਾ ! ਜੰਗਲ ਹੀ ਤਾਂ ਵਾਤਾਵਰਣ ਵਿਚ ਕਾਰਬਨਡਾਈਆਕਸਾਈਡ ਦੀ ਮਾਤਰਾ ਨੂੰ ਨਿਯੰਤਰਣ ਵਿਚ ਰੱਖਦੇ ਹਨ...! ਰੁੱਖਾਂ ਨੂੰ ਕੱਟਣ ਕਰਕੇ ਹੀ ਤਾਂ ਕਰੀਬ 15% ਗ੍ਰੀਨ ਹਾਊਸ ਗੈਸ ਦਾ ਉਤਸਰਜਨ ਹੁੰਦਾ ਏ... ਇਸ ਤਰ੍ਹਾਂ ਅਸੀਂ ਗਲੋਬਲ ਵਾਰਮਿੰਗ ਨੂੰ ਕਿਵੇਂ ਰੋਕਾਂਗੇ...?

**ਅਧਿਆਪਕ:** ਗਲੋਬਲ ਵਾਰਮਿੰਗ ਅਤੇ ਵਾਤਾਵਰਣ ਵਿਚ ਬਦਲਾਅ ਦਾ ਕੋਰਲ ਰੀਫ ਅਤੇ ਬਾਕੀ ਜੀਵਾਂ ‘ਤੇ ਵੀ ਭੈੜਾ ਅਸਰ ਪੈ ਰਿਹੈ...! ਸਮੁੰਦਰ ਦੇ ਪਾਣੀ ਵਿਚ ਤੇਜ਼ਾਬ ਦੀ ਮਾਤਰਾ ਵਧਦੀ ਜਾਣ ਕਰਕੇ ਉਸ ਵਿਚ ਰਹਿਣ ਵਾਲੇ ਜੀਵਾਂ ਦਾ ਜੀਉਣਾ ਦੁੱਭਰ ਹੋ ਗਿਆ ਹੈ...!

**ਮੁੱਖ ਅਧਿਆਪਕ:** ਕਈ ਵਾਰ ਤਾਂ ਕੁਦਰਤ ਅਜਿਹੇ ਕੰਮ ਕਰਦੀ ਹੈ ਕਿ ਸਾਨੂੰ ਪਤਾ ਹੀ ਨਹੀਂ ਲੱਗਦਾ ਕਿ ਉਹ ਕਿਸ ਰੂਪ ਵਿਚ ਸਾਡਾ ਭਲਾ ਕਰ ਰਹੀ ਹੈ...! ਕਿੰਨਿਆਂ ਕੁ ਨੂੰ ਪਤਾ ਹੋਵੇਗਾ ਕਿ ਸਮੁੰਦਰ ਵਾਤਾਵਰਣ ਵਿਚਲੀ ਕਾਰਬਨ ਡਾਈਆਕਸਾਈਡ ਨੂੰ ਵੀ ਆਪਣੇ ‘ਚ ਘੋਲ ਲੈਂਦੇ ਹਨ...?

**ਡਾ. ਗੁਰਿੰਦਰ:** ਇਹ ਤਾਂ ਪ੍ਰਮਾਣਿਤ ਵੀ ਹੋ ਚੁੱਕਿਆ ਹੈ ਜੈਵਿਕ ਬਾਲਣਾਂ ਨਾਲ ਪੈਦਾ ਹੋਣ ਵਾਲੀ ਕਾਰਬਨ ਡਾਈਆਕਸਾਈਡ ਦਾ ਅੱਧਾ ਹਿੱਸਾ ਸਮੁੰਦਰਾਂ ਵਿਚ ਘੁੱਲ ਜਾਂਦਾ ਹੈ...!

**ਅਧਿਆਪਕ:** ਪਰ ਸਮੁੰਦਰ ਵਿਚ ਕਾਰਬਨ ਡਾਈਆਕਸਾਈਡ ਦੀ ਮਾਤਰਾ ਵਧਣ ਨਾਲ ਇਸਦੀ ਪੀ ਐਚ ਘੱਟ ਜਾਂਦੀ ਹੈ, ਪਾਣੀ ਦਾ ਤੇਜ਼ਾਬੀਪਣ ਵਧ ਜਾਂਦਾ ਹੈ...! ਕੋਰਲ, ਘੋਗੇ, ਜੋਕਾਂ ਅਤੇ ਸਮੁੰਦਰ ਵਿਚਲੇ ਨਟਖਟ ਜੀਵ-ਜੰਤੂਆਂ ਤੇ ਹੋਰ ਪ੍ਰਾਣੀਆਂ ‘ਤੇ ਵੀ ਬੁਰਾ ਪ੍ਰਭਾਵ ਪੈਂਦਾ ਹੈ...!

**ਮੁੱਖ ਅਧਿਆਪਕ:** ਸਮੁੰਦਰ ਵਿਚ ਰਹਿਣ ਵਾਲੇ ਨਟਖਟ ਜੀਵ ! ਲਓ ਸਾਡੇ ਵੀ ਨਟਖਟ ਬੱਚੇ ਆ ਗਏ...!

**(ਬੱਚਿਆਂ ਦੇ ਭੱਜਣ, ਚੀਕਣ ਦੀਆਂ ਅਵਾਜ਼ਾਂ, ਤੇਜ਼ ਭੱਜਣ ਦੇ ਬਾਅਦ ਥੱਕ ਕੇ ਹਫਣ ਦੀ ਅਵਾਜ਼)**

**ਅਧਿਆਪਕ:** ਆਉ ਬੱਚਿਓ.. ਬੈਠ ਜਾਉ.. ਬਹੁਤ ਖੁਸ਼ ਲੱਗ ਰਹੇ ਓ.. ਮਜ਼ਾ ਆਇਆ?

**ਬੱਚੇ(ਸਾਰੇ ਇਕੱਠੇ):** ਜੀ ਹਾਂ, ਅਸੀਂ ਬਹੁਤ ਸਾਰੀਆਂ ਤਿਤਲੀਆਂ ਅਤੇ ਪੰਛੀ ਦੇਖੇ... ਤਰ੍ਹਾਂ-ਤਰ੍ਹਾਂ ਦੇ ਫੁੱਲ... ਅਸੀਂ ਕਦੇ ਸੋਚਿਆ ਵੀ ਨਹੀਂ ਸੀ ਕਿ ਜੰਗਲੀ ਫੁੱਲ ਵੀ ਐਨੇ ਖੂਬਸੂਰਤ ਹੋ ਸਕਦੇ ਨੇ... ਸਾਨੂੰ ਤਾਂ ਲੱਗਦਾ ਸੀ ਕਿ ਬਸ!

ਸਾਡੇ ਬਗੀਚੇ ਦੇ ਫੁੱਲ ਹੀ ਸੁੰਦਰ ਹੁੰਦੇ ਨੇ !

**ਰਵੀ**: ਮੈਂ ਇਕ ਫੁੱਲ ਤੋੜਣਾ ਚਾਹੁੰਦਾ ਸੀ ਪਰ ਚੌਕੀਦਾਰ ਅੰਕਲ ਨੇ ਮਨ੍ਹਾ ਕਰ ਦਿੱਤਾ... ਆਖਣ ਲੱਗੇ ਕਿ ਜੇਕਰ ਅਸੀਂ ਫੁੱਲ ਤੋੜਾਂਗੇ ਤਾਂ ਉਹ ਮਰ ਜਾਣਗੇ ਅਤੇ ਉਸ ਦੇ ਵਿਚ ਇਕ ਨਵਾਂ ਪੌਦਾ ਨਹੀਂ ਉਗ ਸਕੇਗਾ.. ਉਨ੍ਹਾਂ ਨੇ ਕਿਹਾ ਕਿ ਜੰਗਲੀ ਪੌਦਿਆਂ ਦੇ ਫੁੱਲ ਤੋੜਣਾ ਚੰਗੀ ਆਦਤ ਨਹੀਂ...!

**ਸੁਰਜੀਤ**: ਇੱਕਲਾ ਜੇ ਤੂੰ ਤੋੜ ਕੇ ਲੈ ਗਿਆ, ਮੁੜ ਨਾ ਹੋਵੇ ਉਗਾਈ

**ਰਵੀ**: ਫਿਰ ਮੈਂ ਇਕ ਕੇਲਾ ਤੋੜਣਾ ਚਾਹਿਆ ਤਾਂ ਚੌਕੀਦਾਰ ਅੰਕਲ ਨੇ ਫਿਰ ਮਨ੍ਹਾ ਕਰ ਦਿੱਤਾ... ਕਹਿਣ ਲੱਗੇ ਜੇਕਰ ਅਸੀਂ ਇਹ ਫਲ ਖਾ ਗਏ ਤਾਂ ਜਾਨਵਰਾਂ ਨੂੰ ਖਾਣਾ ਕਿਵੇਂ ਮਿਲੇਗਾ...?

**(ਸਾਰੇ ਹੱਸਦੇ ਹਨ)**

**ਡਾ. ਗੁਰਿੰਦਰ**: ਹਾਂ ! ਕੁਦਰਤੀ ਦਾਤਾਂ ਦੀ ਕਜੋੜ ਵਰਤੋਂ ਨਾਲ ਜੈਵ-ਵਿਭਿੰਨਤਾ ਨੂੰ ਬਚਾਉਣਾ ਮੁਸ਼ਕਿਲ ਹੀ ਨਹੀਂ ਅਸੰਭਵ ਏ...!

**ਸੁਰਜੀਤ**: ਅਸੀਂ ਇੱਕ ਅਚਰਜ ਵਰਤਾਰਾ ਵੀ ਦੇਖਿਆ... ਇਕ ਛੋਟਾ ਜਿਹਾ ਪੰਛੀ ਰੁੱਖ 'ਤੇ ਲੱਗੀ ਦੀਮਕ ( ਸਿਉਂਕ) ਖਾ ਰਿਹਾ ਸੀ...ਦੂਜਾ ਪੰਛੀ ਆਇਆ, ਉਸ ਨੂੰ ਦਬੋਚ ਕੇ ਲੈ ਗਿਆ...!

**ਅਧਿਆਪਕ**: ਵਾਹ ! ਕਮਾਲ ਹੈ ਕਿ ਤੁਸੀਂ ਇਹ ਚੱਕਰ ਦੇਖਿਆ...! ਕੁਦਰਤ ਦੇ ਇਸ ਚੱਕਰ ਵਿੱਚ ਇਕ ਜੀਵ-ਦੂਸਰੇ ਜੀਵ ਨੂੰ ਖਾਂਦਾ ਹੈ...ਤੇ ਦੂਸਰਾ ਖਾਂਦਾ ਹੈ ਤੀਸਰੇ ਨੂੰ ! ਸਭ ਕੁਝ ਇਕ-ਦੂਜੇ ਨਾਲ ਜੁੜਿਆ ਹੈ...!

**ਡਾ. ਗੁਰਿੰਦਰ**: ਇਕ ਪੰਛੀ ਦੇ ਮਰਨ ਤੇ ਪਾਰਕ ਵਿਚ ਰਹਿਣ ਵਾਲੇ ਨਿਓਲੇ ਉਸ ਨੂੰ ਖਾ ਕੇ ਆਪਣਾ ਢਿੱਡ ਭਰਣਗੇ... ਬਾਕੀ ਬਚਿਆ ਹੋਇਆ ਹਿੱਸਾ ਹੌਲੀ-ਹੌਲੀ ਮਿੱਟੀ ਵਿਚ ਮਿਲ ਕੇ ਉਸ ਨੂੰ ਵੀ ਉਪਜਾਊ ਬਣਾਉਂਦਾ ਏ...!

**ਮੁੱਖ ਅਧਿਆਪਕ**: ਹਾਂ ! ਜੇਕਰ ਦੀਮਕ ( ਸਿਉਂਕ ) ਮਰ ਗਈ ਤਾਂ ਉਸਨੂੰ ਖਾਣ ਵਾਲੇ ਬਾਕੀ ਪੰਛੀ ਵੀ ਭੁੱਖ ਨਾਲ ਤੜਫਣਗੇ.. ਜੇਕਰ ਛੋਟੇ ਪੰਛੀ ਮਰ ਜਾਣ ਤਾਂ ਵੱਡੇ ਪੰਛੀ ਕਿਸ ਦਾ ਸ਼ਿਕਾਰ ਕਰਨਗੇ...? ਜੇਕਰ ਮਨੁੱਖੀ ਲਾਪਰਵਾਹੀਆਂ ਕਾਰਨ ਇਹ ਕੜੀ ਟੁੱਟੀ ਤਾਂ ਕੁਦਰਤੀ ਸੰਤੁਲਣ ਵਿਗੜ ਜਾਵੇਗਾ...!

**ਸੁਰਜੀਤ**: ਸਰਕਾਰ ਇਸ ਦੇ ਲਈ ਨੀਤੀਆਂ (ਯੋਜਨਾਵਾਂ) ਬਣਾਉਂਦੀ ਏ.. ਅਤੇ ਅੰਤਰਰਾਸ਼ਟਰੀ ਸੰਸਥਾਵਾਂ ਵੀ ਸਰਕਾਰ ਦੇ ਨਾਲ ਮਿਲ ਕੇ ਜੈਵ-ਵਿਭਿੰਨਤਾ ਨੂੰ ਬਚਾਉਣ ਵਿਚ ਜੁਟੀਆਂ ਹੋਈਆਂ ਹਨ...ਪਰ ਅਸੀਂ.. ਵਿਦਿਆਰਥੀ ਕਿਵੇਂ ਮੱਦਦ ਕਰ ਸਕਦੇ ਹਾਂ...?

**ਡਾ. ਗੁਰਿੰਦਰ**: ਤੁਸੀਂ ਤਾਂ ਸਾਡਾ ਭਵਿੱਖ ਹੋ, ਤੁਹਾਡੇ 'ਤੇ ਤਾਂ ਬਹੁਤ ਵੱਡੀ ਜਿੰਮੇਦਾਰੀ ਹੈ...! ਸਭ ਤੋਂ ਪਹਿਲਾਂ ਤੁਹਾਨੂੰ ਵਾਤਾਵਰਣ ਤੇ ਉਸ ਨਾਲ ਜੁੜੇ ਮੁੱਦਿਆਂ ਬਾਬਤ ਆਪਣੀ ਸਮਝ ਵਧਾਉਣੀ ਚਾਹੀਦੀ ਹੈ...! ਕਿਸੇ ਸੰਸਥਾ ਨਾਲ ਮਿਲ ਕੇ ਕੁਦਰਤ ਤੇ ਉਸ ਵਿਚ ਰਹਿਣ ਵਾਲੇ ਜੀਵਾਂ ਦੇ ਸੁਰੱਖਿਅਣ ਨਾਲ ਜੁੜੇ ਕੰਮ ਵੀ ਕਰ ਸਕਦੇ ਓ...!

**ਅਧਿਆਪਕ**: ਛੋਟੀਆਂ-ਛੋਟੀਆਂ ਗੱਲਾਂ ਦਾ ਧਿਆਨ ਰੱਖ ਕੇ ਵੀ ਤੁਸੀਂ ਕੁਦਰਤੀ ਸੰਤੁਲਣ ਬਣਾਏ ਰੱਖ ਸਕਦੇ ਓ... ਜਿਵੇਂ ਆਪਣੇ ਪਾਲਤੂ ਜਾਨਵਰ ਖ਼ਾਸ ਕਰਕੇ ਬਿੱਲੀ ਨੂੰ ਜੰਗਲੀ ਪੰਛੀਆਂ ਨੂੰ ਮਾਰਨ ਤੋਂ ਰੋਕੋ.. ਜਾਨਵਰਾਂ ਦੀ ਖੱਲ ਤੋਂ ਬਣਿਆ ਸਮਾਨ ਨਾ ਖਰੀਦੋ, ਚਾਹੇ ਉਹ ਤੁਹਾਨੂੰ ਕਿੰਨਾ ਵੀ ਖੂਬਸੂਰਤ ਲੱਗੇ... ਕਿਉਂ ਜੋ ਇਨ੍ਹਾਂ ਚੀਜਾਂ ਦੇ

ਨਿਰਮਾਨ ਵਾਸਤੇ ਜਾਨਵਰਾਂ ਦਾ ਹੋਰ ਸ਼ਿਕਾਰ ਤੁਸੀਂ ਰੋਕ ਸਕਦੇ ਹੋ !

**ਡਾ. ਗੁਰਿੰਦਰ**: ਘਰ ਵਿਚ ਵੀ ਨਿੰਮ, ਤੁਲਸੀ ਵਰਗੇ ਪਦਾਰਥਾਂ ਤੋਂ ਬਣੇ ਕੀਟਨਾਸ਼ਕ ਵਰਤੇ ਜਾ ਸਕਦੇ ਹਨ ! ਹਾਨੀਕਾਰਕ ਚੀਜ਼ਾਂ ਨੂੰ ਸੰਭਾਲ ਕੇ ਸੁੱਟਣਾ ਚਾਹੀਦਾ ਏ... ਕਿਉਂਜੋ ਕੈਮੀਕਲ ਕਿਸੇ ਵੀ ਰੂਪ ਵਿਚ ਨਦੀ ਜਾਂ ਸਮੁੰਦਰ ਵਿਚ ਪਹੁੰਚ ਕੇ ਬਹੁਤ ਜਿਆਦਾ ਨੁਕਸਾਨ ਪਹੁੰਚਾਉਂਦੇ ਹਨ !

**ਰਵੀ**: ਇਸ ਤਰ੍ਹਾਂ ਤਾਂ ਜੈਵ ਵਿਭਿੰਨਤਾ ਦੇ ਸੁਰੱਖਿਅਣ ਵਾਸਤੇ ਬਹੁਤ ਵੱਡੇ ਯਤਨਾਂ ਦੀ ਲੋੜ ਹੈ , ਅਸੀਂ ਤਾਂ ਬੱਚੇ ਹਾਂ !

**ਡਾ. ਗੁਰਿੰਦਰ**: ਉਦਾਸ ਨਾ ਹੋ.. ਮੈਨੂੰ ਪੂਰਾ ਯਕੀਨ ਏ ਕਿ ਜਿਸ ਪ੍ਰਕਾਰ ਤੁਸੀਂ ਇਨ੍ਹਾਂ ਗੱਲਾਂ ਨੂੰ ਲੈ ਕੇ ਜਾਗਰੂਕ ਹੋ ਰਹੇ ਓ.. ਤੁਸੀਂ ਕੁਦਰਤ ਨੂੰ ਬਚਾਉਣ ਦੀ ਇਸ ਲੜਾਈ ਵਿਚ ਆਪਣੀ ਭੂਮਿਕਾ ਚੰਗੇ ਤਰੀਕੇ ਨਾਲ ਨਿਭਾਉਗੇ... ਜੈਵ ਵੰਨ ਸੁਵੰਨਤਾ ਦੇ ਸੁਰੱਖਿਅਣ ਦੀ ਪ੍ਰਕਿਰਿਆ ਵਿਚ ਆਪਣਾ ਯੋਗਦਾਨ ਪਾਉਗੇ...!

**ਮੁੱਖ ਅਧਿਆਪਕ**: ਬਿਲਕੁਲ.. ਅਸੀਂ ਉਹ ਸਭ ਕੁਝ ਕਰਾਂਗੇ ਜਿਹੜਾ ਇਸ ਪੰਛੀ ਪਾਰਕ ਨੂੰ ਬਚਾਉਣ ਦੇ ਲਈ ਜ਼ਰੂਰੀ ਹੋਵੇਗਾ...!

**ਅਧਿਆਪਕ**: ਬੱਚਿਓ ਚੱਲੋ ਹੁਣ ਚੱਲਦੇ ਹਾਂ...!

ਸਾਰੇ ਇੱਕ ਦੂਜੇ ਨੂੰ ਨਮਸਕਾਰ ਕਰਕੇ ਵਿਦਾ ਹੁੰਦੇ ਨੇ !

ਪ੍ਰਸ਼ਨ:

ਪ੍ਰਸ਼ਨ-1 ਅਲੋਪਣ ਕੀ ਹੈ ?

ਉੱਤਰ : ਜੀਵਾਂ ਦੀਆਂ ਪ੍ਰਜਾਤੀਆਂ ਵਿੱਚੋਂ ਕੁੱਝ ਕੁ ਦੇ ਸਦਾ ਲਈ ਖਤਮ ਹੋ ਜਾਣ ਨੂੰ ਕਹਿੰਦੇ ਨੇ ਅਲੋਪਣ ! ਅਜੋਕੇ ਕੁਦਰਤ ਵਿਰੋਧੀ ਵਿਕਾਸ ਕਾਰਨ ਅਲੋਪਣ ਦਰ ਬਹੁਤ ਤੇਜੀ ਨਾਲ ਵੱਧ ਰਹੀ ਹੈ ।

ਪ੍ਰਸ਼ਨ-2 ਅਲੋਪਣ ਦਾ ਮਨੁੱਖ ਨੂੰ ਕੀ ਹੈ ਨੁਕਸਾਨ ?

ਉਤਰ: ਪ੍ਰਜਾਤੀਆਂ ਕਿਸੇ ਨਾ ਕਿਸੇ ਤਰ੍ਹਾਂ ਦੀ ਭੋਜਨ ਲੜੀ ਵਿੱਚ ਜੁੜੀਆਂ ਹਨ ਤੇ ਇੱਕ ਪ੍ਰਜਾਤੀ ਦੇ ਅਲੋਪਣ ਨਾਲ ਭੋਜਨ ਲੜੀ ਖਤਮ ਹੋਣ ਦਾ ਖਤਰਾ ਮਨੁੱਖੀ ਹੋਂਦ ਨੂੰ ਹੀ ਖਤਰਾ ਬਣ ਸਕਦਾ ਹੈ ।